ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

1920 ਤੋਂ
ਸਾਲ 100 ਵਾਂ

Price: Rs.5/-

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਜਿਲਦ 28
ਨੰਬਰ 17

੧੬ ਤੋਂ ੩੧ ਅੱਸੂ ੨੦੭੭ ਬਿ.
1 To 16 oct. 2020

Total Pages 44



ਸ੍ਰੀ ਸਤਿਗੁਰੂ ਜੀ, ਖੇਡ ਮੰਤਰੀ ਰਾਣਾ ਗੁਰਮੀਤ ਸੋਢੀ ਤੇ ਹੋਰ ਸਰੀਰ ਫੁੱਟਬਾਲ ਮੈਚ ਦੇਖਦੇ ਹੋਏ।



ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਹਰਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ।



# ਸਤਿਜੁਗ

**੧੬ ਤੋਂ ੩੧ ਅੱਸੂ ੨੦੭੭ ਬਿ.**

**1 ਤੋਂ 16 ਅਕਤੂਬਰ 2020 ਈ:**

**ਜਿਲਦ 28, ਵੀਰਵਾਰ ਨੰਬਰ 17**



**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**

*Harvendra Singh Hanspal*
*Gurbhej Singh Guraya*

**Editorial Board:**

*Suwarn Singh 'Virk'*
*Harpal Singh 'Sewak'*
*Sukhwinder Singh 'Lyall'*
***Sant Nishan Singh***
***Jaswant Singh 'Mast'***
*Bhajan Singh*
*Gurlal Singh*



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***
***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ- ਸਿੱਖ ਧਰਮ ਦਾ ਥੰਮ: ਦਸਮ ਗੁਰੂ ਗ੍ਰੰਥ ਸਾਹਿਬ
ਜਸਵੰਤ ਸਿੰਘ ਮਸਤ......................4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ..........................7
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ..........................7
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..............................8
* ਧੰਨੁ ਸੇਵਕੁ ਸਫਲੁ ਓਹੁ ਆਇਆ (ਸੂਬਾ ਸੁਖਦੇਵ ਸਿੰਘ ਜੀ)
ਹਰਪਾਲ ਸਿੰਘ ਸੇਵਕ......................9
* ਹੁਕਮੈ ਬੁਝਿ ਸਮਾਵਹਿਗੇ (ਸੂਬਾ ਸੁਖਦੇਵ ਸਿੰਘ ਜੀ)
ਜ. ਨਿਸ਼ਾਨ ਸਿੰਘ ਦਿੱਲੀ.................14
* ਸੰਤ ਗੁਲਜ਼ਾਰ ਸਿੰਘ ਸੇਵਕ ਦਾ ਅਕਾਲ ਚਲਾਣਾ
ਸੁਵਰਨ ਸਿੰਘ ਵਿਰਕ.....................18
* ਪੁਸਤਕ ਰਿਵਿਊ
ਦਵਿੰਦਰ ਸਿੰਘ ਗਿੱਲ....................21
* ਕਵਿਤਾ- ਰੱਬਾ ਸੱਚਿਆ (ਫ਼ੈਜ਼ ਅਹਿਮਦ ਫ਼ੈਜ਼)..................23
* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ..................24
* Jap Paryog --- An Experiment in Meditation
Mohinder Singh Kuka....................26
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ............29
* A Saga of Sri Satguru Jagjit Singh ji
Dr. Sharada Jayagovind.................32
* ਕਾਵਿ ਕਿਆਰੀ................................................34
* ਸੁੱਚੇ ਮੋਤੀ.......................................................35
* ਬੱਚਿਆਂ ਦਾ ਪੰਨਾ............................................36
* ਖ਼ਬਰਨਾਮਾ....................................................37
* Matrimonial.................................................................42

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸਿੱਖ ਧਰਮ ਦਾ ਥੰਮ: ਦਸਮ ਗੁਰੂ ਗ੍ਰੰਥ ਸਾਹਿਬ

ਵੈਸੇ ਤਾਂ ਕੁਝ ਲੋਕ ਜਾਣੇ ਅਣਜਾਣੇ ਵਿੱਚ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦਾ ਵਿਰੋਧ ਅਕਸਰ ਹੀ ਕਰਦੇ ਰਹਿੰਦੇ ਹਨ। ਪਰ ਜਦੋਂ 5 ਅਗਸਤ ਨੂੰ ਅਯੁੱਧਿਆ ਵਿਖੇ ਰਾਮ ਮੰਦਰ ਦੇ ਭੂਮੀ ਪੂਜਨ ਸਮਾਗਮ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਗੋਬਿੰਦ ਰਾਮਾਇਣ' ਲਿਖੀ ਹੈ। ਫਿਰ ਇਕਬਾਲ ਸਿੰਘ ਸਾਬਕਾ ਜਥੇਦਾਰ ਪਟਨਾ ਸਾਹਿਬ ਦੇ ਇਸ ਬਿਆਨ- "ਗੁਰੂ ਗੋਬਿੰਦ ਸਿੰਘ ਜੀ ਭਗਵਾਨ ਰਾਮ ਦੇ ਪੁੱਤਰ ਲਵ ਦੇ ਵੰਸ਼ਜ ਹਨ ਅਤੇ ਗੁਰੂ ਨਾਨਕ ਦੇਵ ਜੀ ਕੁਸ਼ ਦੇ ਵੰਸ਼ਜ ਹਨ" ਨਾਲ ਇਹ ਵਿਰੋਧ ਭਾਂਬੜ ਬਣ ਕੇ ਬਲ ਉੱਠਿਆ। ਇਹ ਵਿਰੋਧ ਕੁਝ ਲੋਕਾਂ ਨੇ ਤਾਂ ਜਾਣ-ਬੁੱਝ ਕੇ ਅਤੇ ਕੁੱਝ ਨੇ ਅਗਿਆਨਤਾ ਵੱਸ ਕੀਤਾ ਕਿਉਂਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਪ੍ਰਧਾਨ ਮੰਤਰੀ ਮੋਦੀ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਰਾਮ ਅਵਤਾਰ' ਨੂੰ ਹੀ 'ਗੋਬਿੰਦ ਰਾਮਾਇਣ' ਕਹਿ ਰਹੇ ਹਨ। ਇਸੇ ਤਰ੍ਹਾਂ ਜਥੇਦਾਰ ਇਕਬਾਲ ਸਿੰਘ ਦੇ ਬਿਆਨ ਵੀ ਦਸਮ ਗ੍ਰੰਥ ਵਿੱਚ ਦਰਜ ਬਚਿਤ੍ਰ ਨਾਟਕ 'ਤੇ ਆਧਾਰਿਤ ਹਨ। ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿੱਚ ਬੇਦੀਆਂ ਸੋਢੀਆਂ ਦੀ ਵੰਸ਼ ਪ੍ਰਣਾਲੀ ਦੀ ਗੱਲ ਕਰਦੇ ਹਨ ਕਿ ਇਹ ਕਿੱਥੋਂ ਸ਼ੁਰੂ ਹੋਈ? ਇਨ੍ਹਾਂ ਦੇ ਪੁਰਖੇ ਕੌਣ ਹਨ? ਤੇ ਇਨ੍ਹਾਂ ਦਾ ਸੰਬੰਧ ਲਵ ਕੁਸ਼ ਨਾਲ ਜੋੜ ਦੇਂਦੇ ਹਨ। ਜਿਸ ਦੇ ਵਿੱਚੋਂ ਅੱਗੇ ਬੇਦੀ ਤੇ ਸੋਢੀ ਨਿਕਲੇ, ਭਾਈ ਕਾਹਨ ਸਿੰਘ ਨਾਭਾ ਵੀ ਬੇਦੀ ਤੇ ਸੋਢੀਆਂ ਦੀ ਵੰਸ਼ ਪ੍ਰਣਾਲੀ ਦੀ ਗੱਲ ਕਰਦੇ ਹੋਏ, ਗੁਰੂ ਜੀ ਦੀ ਇਸ ਵੰਸ਼ ਪ੍ਰਣਾਲੀ ਨਾਲ ਸਹਿਮਤ ਹੁੰਦੇ ਹਨ। ਉਹ 'ਕੁਸ਼ੀ' ਸ਼ਬਦ ਦਾ ਅਰਥ ਕਰਦੇ ਹੋਏ ਲਿਖਦੇ ਹਨ: ਕੁਸ਼ਵੰਸ਼ੀ, ਕੁਸ਼ ਦੀ ਔਲਾਦ ਵਿੱਚ ਹੋਣ ਵਾਲਾ। ਬਚਿਤ੍ਰ ਨਾਟਕ ਅਨੁਸਾਰ 'ਬੇਦੀ' ਕੁਸ਼ ਦੀ ਅਤੇ 'ਸੋਢੀ' ਲਵ ਦੀ ਔਲਾਦ ਹਨ. ਦੇਖੋ, ਲਵੀ. "ਲਵੀ ਸਰਬ ਜੀਤੇ ਕੁਸੀ ਸਰਬ ਹਾਰੇ।" ਗੁਰੂ ਸਾਹਿਬ ਲਿਖਦੇ ਹਨ-

ਤਿਨ ਬੇਦੀਅਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥

ਇਸ ਤਰ੍ਹਾਂ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਬੇਦੀਆਂ ਦੇ ਘਰ ਹੋਣ ਕਰਕੇ ਅਤੇ ਗੁਰੂ ਰਾਮਦਾਸ ਦਾ ਜਨਮ ਸੋਢੀਆਂ ਦੇ ਘਰ ਹੋਣ ਕਰਕੇ ਗੁਰੂ ਸਾਹਿਬਾਂ ਦੀ ਵੰਸ਼ ਪ੍ਰਣਾਲੀ ਭਗਵਾਨ ਰਾਮ ਨਾਲ ਜੁੜ ਗਈ।

ਸੋਢੀ-ਬੇਦੀ ਆਪਣੇ ਪੁਰਖੇ ਲਵ ਤੇ ਕੁਸ਼ ਨੂੰ ਮੰਨਦੇ ਹਨ ਤੇ ਉਨ੍ਹਾਂ ਘਰ ਗੁਰੂ ਸਾਹਿਬਾਂ ਦਾ ਜਨਮ ਹੋ ਗਿਆ ਤਾਂ ਇਸ ਗੱਲ ਤੇ ਅੱਜ 500 ਸਾਲ ਬਾਅਦ ਕਿਸ ਆਧਾਰ 'ਤੇ ਵਿਰੋਧ ਕੀਤਾ ਜਾ ਰਿਹਾ ਹੈ? ਸਮਝ ਨਹੀਂ ਆਉਂਦੀ ਕਿ ਕੀ ਗੁਰੂ ਸਾਹਿਬਾਂ ਨੇ ਇਨ੍ਹਾਂ ਤੋਂ ਪੁੱਛ ਕੇ ਜਨਮ ਲੈਣਾ ਸੀ ਕਿ ਉਹ ਕਿਸ ਕੁਲ ਵਿੱਚ ਆਉਣ? ਫਿਰ ਜਦ ਇਹ ਲੋਕ ਮੋਹਰ ਲਾ ਦਿੰਦੇ ਕਿ ਇਸ ਕੁਲ ਵਿੱਚ ਆ ਜਾਓ ਸਾਨੂੰ ਇਸ ਕੁਲ ਤੇ ਕੋਈ ਇਤਰਾਜ਼ ਨਹੀਂ, ਫਿਰ ਗੁਰੂ ਜੀ ਉਸ ਕੁਲ ਵਿੱਚ ਆਉਂਦੇ। ਪਤਾ ਨਹੀਂ ਇਹ ਕੀ ਸੋਚਦੇ ਹਨ, ਅੱਜ ਇਨ੍ਹਾਂ ਵਿੱਚ ਫਿਰਕਾਪ੍ਰਸਤੀ ਏਨੀ ਜ਼ਿਆਦਾ ਘਰ ਕਰ ਗਈ ਹੈ ਕਿ ਇਹ ਸਮਝਦੇ ਹਨ ਕਿ ਜੋ ਇਤਿਹਾਸ ਅੱਜ ਤੋਂ 500 ਸਾਲ ਪਹਿਲਾਂ ਵਾਪਰ ਚੁੱਕਿਆ ਹੈ। ਅਸੀਂ ਉਸ ਨੂੰ ਨਹੀਂ ਮੰਨਣਾ, ਉਹ ਇਤਿਹਾਸ ਅਸੀਂ ਹੁਣ ਲਿਖਾਂਗੇ। ਵਾਹ! ਏਡੀ ਤ੍ਰਿਕਾਲਦਰਸ਼ਤਾ।

ਆਖਰ ਨੂੰ ਗੁਰੂ ਸਾਹਿਬ ਅਵਤਰੇ ਤਾਂ ਭਾਰਤ ਵਿੱਚ ਹੀ ਸਨ। ਸਿੱਖ ਧਰਮ ਅੱਜ ਵਾਲੇ ਰੂਪ ਵਿੱਚ ਉਦੋਂ ਅਜੇ ਹੋਂਦ ਵਿੱਚ ਆਇਆ ਹੀ ਨਹੀਂ ਸੀ, ਤੇ ਗੁਰੂ ਸਾਹਿਬ ਪ੍ਰਗਟੇ ਤਾਂ ਭਾਰਤੀ ਪੰਜਾਬੀਆਂ ਘਰ ਹੀ ਨੇ? ਤੇ ਉਹ ਵੀ ਸਨਾਤਨੀਆਂ ਦੇ ਘਰ। ਹੁਣ ਉਨ੍ਹਾਂ ਦੀ ਵੰਸ਼ ਕਿਸੇ ਨਾ ਕਿਸੇ ਨਾਲ ਤਾਂ ਰਲਣੀ ਹੀ ਸੀ। ਅਗਲੀ ਗੱਲ, ਗੁਰੂ ਸਾਹਿਬਾਂ ਦਾ ਜਨਮ ਪੱਛਮ ਜਾਂ ਅਰਬ ਦੇ ਕਿਸੇ ਦੇਸ਼ ਵਿੱਚ ਕਿਸੇ ਈਸਾਈ ਜਾਂ ਮੁਸਲਮਾਨ ਦੇ ਘਰ ਤਾਂ ਹੋਇਆ ਨਹੀਂ। ਜੇ ਏਦਾਂ ਦਾ ਕੋਈ ਇਤਿਹਾਸ ਹੈ ਤਾਂ ਇਹ ਰੌਲਾ ਪਾਊ ਸੱਜਣ ਸੰਗਤ ਦੇ ਸਾਹਮਣੇ ਪੇਸ਼ ਕਰਨ ਪਰ ਏਦਾਂ ਦਾ ਵੀ ਕੁਝ ਨਹੀਂ। ਇਹ ਲੋਕ ਸੋਚਦੇ ਹਨ ਕਿ ਜੇ ਦਸਮ ਗੁਰੂ ਗ੍ਰੰਥ ਸਾਹਿਬ ਵਿੱਚ ਸਨਾਤਨੀ ਅਵਤਾਰਾਂ ਦਾ ਜ਼ਿਕਰ ਆ ਗਿਆ ਹੈ ਤਾਂ

ਪਤਾ ਨਹੀਂ ਸਾਰੇ ਸਿੱਖ ਸਨਾਤਨੀ/ਹਿੰਦੂ ਬਣ ਗਏ ਹਨ। ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ, ਸਿਰਫ਼ ਮਨ ਦਾ ਵਹਿਮ ਹੈ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਸਨਾਤਨੀ ਅਵਤਾਰਾਂ ਅਤੇ ਪੌਰਾਣਿਕ ਇਤਿਹਾਸ ਦਾ ਹਵਾਲਾ ਆਉਂਦਾ ਹੈ। ਉਦਾਹਰਨ ਦੇ ਤੌਰ 'ਤੇ ਵੇਖੋ-

-ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥ (ਅੰਕ- 1390)

ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਪ੍ਰਮਾਣ ਆਦਿ ਗੁਰਬਾਣੀ ਵਿੱਚੋਂ ਮਿਲ ਜਾਣਗੇ। ਕੀ ਇਹ ਵਿਰੋਧੀ ਅਨਸਰ ਕੱਲ੍ਹ ਨੂੰ ਗੁਰੂ ਸਾਹਿਬਾਂ ਦੀ ਲਿਖੀ ਤੇ ਪ੍ਰਵਾਨਿਤ ਇਸ ਬਾਣੀ ਨੂੰ ਵੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚੋਂ ਕਢਵਾਉਣ ਲਈ ਪ੍ਰਚਾਰ ਤੇ ਧਰਨੇ ਪ੍ਰਦਰਸ਼ਨ ਸ਼ੁਰੂ ਕਰਨਗੇ? ਦਸਮ ਬਾਣੀ ਤੇ ਆਦਿ ਗੁਰਬਾਣੀ ਵਿੱਚ ਬੇਸ਼ੱਕ ਸਨਾਤਨੀ ਅਵਤਾਰਾਂ ਦੀ ਕਥਾ ਤੇ ਪ੍ਰਮਾਣ ਮਿਲਦੇ ਹਨ, ਪਰ ਇਸ ਨਾਲ ਸਿੱਖ ਧਰਮ ਸਨਾਤਨ ਧਰਮ ਜਾਂ ਅੱਜ ਵਾਲਾ ਹਿੰਦੂ ਧਰਮ ਨਹੀਂ ਬਣਦਾ ਕਿਉਂਕਿ ਸਾਡੀਆਂ ਮਾਨਤਾਵਾਂ ਤੇ ਰੀਤਾਂ ਰਸਮਾਂ ਵੱਖਰੀਆਂ-ਵੱਖਰੀਆਂ ਹਨ। ਹਾਂ, ਇਸ ਨਾਲ ਸਾਡੀ ਸੰਸਕ੍ਰਿਤਕ ਸਾਂਝ ਦੀ ਜਾਣਕਾਰੀ ਜ਼ਰੂਰ ਮਿਲਦੀ ਹੈ। ਸਾਡਾ ਭਾਈਚਾਰਾ ਵੀ ਮਜ਼ਬੂਤ ਹੁੰਦਾ ਹੈ ਅਤੇ ਇਹ ਗੱਲ ਇਨ੍ਹਾਂ ਬਾਣੀ ਨਿੰਦਕਾਂ ਨੂੰ ਪਚਦੀ ਨਹੀਂ। ਦਸਮ ਗੁਰੂ ਗ੍ਰੰਥ ਵਿੱਚ ਸਿੱਖਾਂ ਦੇ ਸਨਾਤਨੀ ਹੋਣ ਬਾਰੇ ਕੋਈ ਪ੍ਰਮਾਣ ਨਹੀਂ ਮਿਲਦਾ, ਸਗੋਂ ਗੁਰੂ ਗੋਬਿੰਦ ਸਿੰਘ ਜੀ ਹਰ ਤਰ੍ਹਾਂ ਦੇ ਅਵਤਾਰਾਂ, ਪੈਗੰਬਰਾਂ, ਪੀਰਾਂ ਅਤੇ ਫ਼ਕੀਰਾਂ 'ਤੇ ਕਾਟੀ ਮਾਰਦੇ ਹਨ ਅਤੇ ਇੱਕ ਪਰਮਾਤਮਾ ਨੂੰ ਮੰਨਣ ਤੇ ਜ਼ੋਰ ਦਿੰਦੇ ਹੋਏ 'ਰਾਮ ਅਵਤਾਰ' ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਨੇ 'ਗੋਬਿੰਦ ਰਾਮਾਇਣ' ਆਖਿਆ ਹੈ, ਵਿੱਚ ਲਿਖਦੇ ਹਨ-

ਸਵੈਯਾ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥
ਦੋਹਰਾ॥ ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥
ਇਤਿ ਸ੍ਰੀ ਰਾਮਾਇਣ ਸਮਾਪਤ ਮਸਤੁ ਸੁਭ ਮਸਤੁ॥

ਇਸ ਤਰ੍ਹਾਂ ਦਸਮ ਗੁਰੂ ਗ੍ਰੰਥ ਵਿੱਚ ਦਰਜ ਬਾਣੀ ਉਗ੍ਰਦੰਤੀ ਵਿੱਚ ਇਹ ਵੀ ਆਉਂਦਾ ਹੈ-

ਦੁਹੂੰ ਪੰਥ ਮੈ ਕਪਟ ਵਿੱਦਜਾ ਚਲਾਨੀ॥ ਬਹੁੜ ਤੀਸਰਾ ਪੰਥ ਕੀਜੈ ਪਰਧਾਨੀ॥

ਹੋਰ ਵੀ ਅਨੇਕਾਂ ਪ੍ਰਮਾਣ ਦਸਮ ਗੁਰਬਾਣੀ ਵਿੱਚ ਇਸ ਤਰ੍ਹਾਂ ਦੇ ਮਿਲ ਜਾਂਦੇ ਹਨ। ਜਿੱਥੇ ਗੁਰੂ ਗੋਬਿੰਦ ਸਿੰਘ ਜੀ ਕੇਵਲ ਇੱਕ ਪਰਮਾਤਮਾ ਦੀ ਗੱਲ ਕਰਦੇ ਹਨ। ਫਿਰ ਇਹ ਦਸਮ ਬਾਣੀ ਦੇ ਨਿੰਦਕ ਕਿਵੇਂ ਕਹਿ ਸਕਦੇ ਹਨ ਕਿ ਦਸਮ ਗ੍ਰੰਥ ਸਿੱਖਾਂ ਨੂੰ ਸਨਾਤਨੀ/ਹਿੰਦੂ ਬਣਾਉਂਦਾ ਹੈ?

ਇਸ ਦੇ ਵਿਰੋਧੀ ਦਸਮ ਗੁਰਬਾਣੀ ਦੇ ਵਿਰੋਧ ਦਾ ਇੱਕ ਹੋਰ ਕਾਰਨ ਇਸ ਵਿੱਚ ਦਰਜ ਚਰਿੱਤਰਾਂ ਨੂੰ ਦੱਸਦੇ ਹਨ। ਉਹ ਕਹਿੰਦੇ ਹਨ ਕਿ ਇਸ ਵਿੱਚ ਔਰਤਾਂ ਨੂੰ ਨਿੰਦਿਆ ਗਿਆ ਹੈ ਤੇ ਸਵਾਲ ਕਰਦੇ ਹਨ, "ਕੀ ਸਿਰਫ਼ ਔਰਤਾਂ ਹੀ ਧੋਖਾ-ਫਰੇਬ ਕਰਦੀਆਂ ਹਨ? ਬੰਦੇ ਨਹੀਂ ਕਰਦੇ?" ਉਨ੍ਹਾਂ ਅਣਜਾਣ ਮਨੁੱਖਾਂ ਨੂੰ ਇਹ ਨਹੀਂ ਪਤਾ ਕਿ ਇਸ ਵਿੱਚ ਪੁਰਖ ਚਰਿੱਤਰ ਵੀ ਹਨ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਮਾਜ ਦੇ ਨਾ ਤਾਂ ਸਾਰੇ ਪੁਰਖ ਚੰਗੇ ਹਨ ਤੇ ਨਾ ਹੀ ਸਾਰੀਆਂ ਔਰਤਾਂ। ਬਹੁਤ ਸਾਰੇ ਆਦਮੀ ਤੇ ਔਰਤਾਂ ਧੋਖਾ-ਫ਼ਰੇਬ ਤੇ ਹੋਰ ਅਨੇਕਾਂ ਤਰ੍ਹਾਂ ਦੇ ਗਲਤ ਕਰਮ ਵੀ ਕਰਦੇ ਹਨ। ਇਨ੍ਹਾਂ ਚਰਿੱਤਰਾਂ ਵਿੱਚ ਇਸ ਤਰ੍ਹਾਂ ਦੇ ਲੋਕਾਂ ਤੋਂ ਸਾਵਧਾਨ ਹੀ ਕੀਤਾ ਗਿਆ ਹੈ, ਉਨ੍ਹਾਂ ਦੇ ਪੱਖ ਵਿੱਚ ਨਹੀਂ ਭੁਗਤਿਆ ਗਿਆ। ਗੁਰੂ ਸਾਹਿਬ ਕਈ ਚਰਿਤਰਾਂ ਵਿੱਚ ਸੂਰਬੀਰ ਅਤੇ ਧਰਮ ਈਮਾਨ 'ਤੇ ਦ੍ਰਿੜ ਰਹਿਣ ਵਾਲੀਆਂ ਔਰਤਾਂ ਦੀ ਖੁਲ੍ਹ ਕੇ ਤਾਰੀਫ਼ ਵੀ ਕਰਦੇ ਹਨ। ਦਸਮ ਗ੍ਰੰਥ ਦੇ ਵਿਰੋਧੀ ਆਖਦੇ ਹਨ ਕਿ ਇਸ ਵਿਚੋਂ ਅਸ਼ਲੀਲਤਾ ਨਜ਼ਰ ਆਉਂਦੀ ਹੈ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਸ ਤਰ੍ਹਾਂ ਦੇ ਕਈ ਸ਼ਬਦ ਆਉਂਦੇ ਹਨ, ਫਿਰ ਉਨ੍ਹਾਂ ਦੇ ਅਰਥ ਕੀ ਕਰਨਗੇ ਜਾਂ ਫਿਰ ਐਵੇਂ ਹੀ ਆਪਣੀ ਵਿਦਵਤਾ ਦੇ ਨਾਲ ਇਧਰ ਉਧਰ ਦੇ ਅਰਥ ਕਰਦੇ ਫਿਰਨਗੇ। ਉਦਾਹਰਣ ਦੇ ਤੌਰ 'ਤੇ-

ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥ (ਅੰਕ- 93)
ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥ (ਅੰਕ- 26)

ਇਸ ਤਰ੍ਹਾਂ ਦੇ ਹੋਰ ਵੀ ਕਈ ਸ਼ਬਦ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੇ ਹਨ। ਕੀ ਦਸਮ ਬਾਣੀ ਦੇ ਵਿਰੋਧੀ ਇਹ ਸੱਜਣ ਕੱਲ੍ਹ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਵੀ ਰੱਦ ਕਰਨਗੇ? ਫਿਰ ਜੇ ਸਿੱਖ ਧਰਮ ਦੀ ਹਰ ਚੀਜ਼ ਇਨ੍ਹਾਂ ਨੇ ਰੱਦ ਹੀ ਕਰਨੀ ਹੈ ਤੇ ਆਪਣੇ ਆਪ ਨੂੰ ਗੁਰੂ ਤੋਂ ਉੱਪਰ ਸਮਝਣਾ ਹੈ ਤਾਂ ਇਹ ਸਿੱਖ ਅਖਵਾਉਣ ਦੇ ਹੱਕਦਾਰ ਕਿਵੇਂ ਹੋਏ?

ਹੁਣ ਮੈਂ ਗੱਲ ਕਰਾਂਗਾ ਦਸਮ ਗੁਰੂ ਗ੍ਰੰਥ ਵਿੱਚ ਦਰਜ ਉਨ੍ਹਾਂ ਬਾਣੀਆਂ ਤੇ ਗੁਰਬਾਣੀ ਤੁਕਾਂ ਦੀ ਜੋ ਸਿੱਖ ਧਰਮ ਲਈ ਥੰਮਾਂ ਦਾ ਕੰਮ ਕਰਦੀਆਂ ਹਨ। ਇਨ੍ਹਾਂ ਸਭਨਾਂ ਦੀ ਵਰਤੋਂ ਦਸਮ ਗੁਰੂ ਗ੍ਰੰਥ ਦੇ ਵਿਰੋਧੀ ਵੀ ਕਿਸੇ ਨਾ ਕਿਸੇ ਰੂਪ ਵਿੱਚ ਕਰਦੇ ਹਨ।

'ਅੰਮ੍ਰਿਤ' ਸਿੱਖ ਧਰਮ ਲਈ ਦਰਵਾਜ਼ੇ ਦਾ ਕੰਮ ਕਰਦਾ ਹੈ ਕਿਉਂਕਿ ਜਦੋਂ ਵੀ ਕਿਸੇ ਨੇ ਸੰਪੂਰਨ ਰੂਪ ਵਿੱਚ ਸਿੱਖ ਬਣਨਾ ਹੁੰਦਾ ਹੈ ਤਾਂ ਪਹਿਲਾਂ ਉਸ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਇਸ ਤਰ੍ਹਾਂ ਕੋਈ ਵੀ ਗ਼ੈਰ ਸਿੱਖ ਅੰਮ੍ਰਿਤ ਛਕ ਕੇ ਹੀ ਸਿੱਖ ਧਰਮ ਵਿੱਚ ਸ਼ਾਮਿਲ ਹੁੰਦਾ ਹੈ। ਅੰਮ੍ਰਿਤ ਦੀਆਂ ਪੰਜ ਵਿੱਚੋਂ ਤਿੰਨ ਬਾਣੀਆਂ ਜਾਪ ਸਾਹਿਬ, ਸਵੱਈਏ ਪਾਤਸ਼ਾਹੀ 10ਵੀਂ ਅਤੇ ਚੌਪਈ ਸਾਹਿਬ, ਇਹ ਦਸਮ ਗ੍ਰੰਥ ਵਿੱਚੋਂ ਹੀ ਲਈਆਂ ਗਈਆਂ ਹਨ। ਜਦ ਕੋਈ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦਾ ਹੈ ਜਾਂ ਸਿੱਖ ਧਰਮ ਦਾ ਗੁਰਮੰਤਰ 'ਵਾਹਿਗੁਰੂ' ਲੈ ਕੇ ਸਹਿਜਧਾਰੀ ਸਿੱਖ ਬਣਦਾ ਹੈ ਤਾਂ ਉਹ ਸਿੱਖ ਅਰਦਾਸ ਸਿੱਖਦਾ ਹੈ। ਨਿੱਤ ਸਵੇਰੇ ਉੱਠ ਅਤੇ ਕਿਸੇ ਵੀ ਕੰਮ ਦੀ ਆਰੰਭਤਾ ਤੇ ਸਮਾਪਤੀ ਉਪਰੰਤ ਸਿੱਖ ਆਪਣੇ ਸਤਿਗੁਰੂ ਅੱਗੇ ਅਰਦਾਸ ਕਰਦੇ ਹਨ। ਅਰਦਾਸ ਵੀ ਸ਼ੁਰੂ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ ਦਸਮ ਗ੍ਰੰਥ ਵਿੱਚੋਂ ਹੀ ਲਈ ਗਈ ਹੈ। ਇਸ ਤੋਂ ਅਗਲੇ ਸ਼ਬਦ ਸਾਰੀਆਂ ਸਿੱਖ ਸੰਪਰਦਾਵਾਂ ਵਧਾਉਂਦੀਆਂ ਘਟਾਉਂਦੀਆਂ ਰਹਿੰਦੀਆਂ ਹਨ। ਹਰ ਵਿਅਕਤੀ ਸਿੱਖ ਧਰਮ ਵਿੱਚ ਸ਼ਾਮਿਲ ਹੋਣ ਉਪਰੰਤ ਅਰਦਾਸ ਤੋਂ ਬਾਅਦ ਨਿੱਤ ਨੇਮ ਦੀਆਂ ਬਾਣੀਆਂ ਸਿੱਖਦਾ ਹੈ ਅਤੇ ਨੇਮ ਅਨੁਸਾਰ ਪੜ੍ਹਨੀਆਂ ਸ਼ੁਰੂ ਕਰਦਾ ਹੈ। ਨਿਤਨੇਮ ਦੀਆਂ ਬਾਣੀਆਂ ਵਿੱਚ ਦਰਜ- ਜਾਪੁ ਸਾਹਿਬ, ਚੰਡੀ ਦੀ ਵਾਰ ਅਤੇ ਰਹਿਰਾਸ ਸਾਹਿਬ ਵਿੱਚ ਦਰਜ ਚੌਪਈ ਸਾਹਿਬ ਤੇ ਹੋਰ ਕਈ ਸ਼ਬਦ ਵੀ ਦਸਮ ਗ੍ਰੰਥ ਵਿੱਚੋਂ ਹਨ।

ਇੱਥੇ ਇੱਕ ਖ਼ਾਸ ਗੱਲ ਇਹ ਵੀ ਹੈ ਕਿ ਰਹਿਰਾਸ ਸਾਹਿਬ ਵਿੱਚ ਦਰਜ 'ਪਾਂਇ ਗਹੇ ਜਬ ਤੇ ਤੁਮਰੇ' ਅਤੇ 'ਸਗਲ ਦੁਆਰ ਕਉ ਛਾਡਿ ਕੈ' ਦੋਵੇਂ ਸ਼ਬਦ 'ਰਾਮ ਅਵਤਾਰ' ਵਿੱਚੋਂ ਹੀ ਹਨ। ਕਮਾਲ ਦੀ ਗੱਲ ਹੈ ਕਿ ਇਹ ਸ਼ਬਦ ਤਾਂ ਗੁਰਬਾਣੀ ਹਨ। ਪਰ ਬਾਕੀ 'ਰਾਮ ਅਵਤਾਰ' ਬਾਣੀ ਨਹੀਂ, ਦਸਮ ਵਿਰੋਧੀਆਂ ਦੀ ਇਹ ਸੋਚ ਕਿੱਦਾਂ ਦੀ ਹੈ? 'ਜ਼ਫ਼ਰਨਾਮਾ' ਜਿਸ ਨੂੰ ਸਾਰਾ ਸਿੱਖ ਪੰਥ ਬੜੇ ਸਤਿਕਾਰ ਨਾਲ ਪੜ੍ਹਦਾ ਸੁਣਦਾ ਹੈ ਤੇ ਫ਼ਖਰ ਕਰਦਾ ਹੈ। ਇਹ ਵੀ ਦਸਮ ਗ੍ਰੰਥ ਵਿੱਚ ਦਰਜ ਹੈ। ਜਿਸ ਥਾਂ 'ਤੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਵੰਸ਼ ਨੂੰ ਲਵਕੁਸ਼ ਨਾਲ ਜੋੜਿਆ ਜਾਂਦਾ ਹੈ, ਉਸੇ ਥਾਂ 'ਤੇ ਹੀ ਅੱਗੇ ਜਾ ਕੇ, ਬਚਿੱਤਰ ਨਾਟਕ ਵਿੱਚ ਸ੍ਰੀ ਸਤਿਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹੀਦੀ 'ਤੇ ਹਰ ਗੁਰਦੁਆਰੇ ਅਤੇ ਹਰ ਪ੍ਰੋਗਰਾਮ ਵਿੱਚ ਪੜ੍ਹਿਆ ਜਾਣ ਵਾਲਾ ਇਹ ਸ਼ਬਦ-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥


ਵੀ ਹੀ ਦਰਜ ਹੈ। ਗੁਰਬਾਣੀ ਦੀ ਇਹ ਪ੍ਰਸਿੱਧ ਤੁਕ-

ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥

ਅਤੇ 'ਵਾਹਿਗੁਰੂ ਜੀ ਕੀ ਫਤਹਿ' ਤੇ ਹੋਰ ਵੀ ਕਈ ਸ਼ਬਦ ਦਸਮ ਬਾਣੀ ਵਿੱਚੋਂ ਹਨ, ਜੋ ਸਿੱਖਾਂ ਦੇ ਘਰਾਂ, ਸੰਸਥਾਵਾਂ ਅਤੇ ਗੁਰਦੁਅਰਿਆਂ ਆਦਿ ਵਿੱਚ ਆਮ ਤੌਰ 'ਤੇ ਹੀ ਪੜ੍ਹੇ ਜਾਂਦੇ ਹਨ। 2014 ਦੀ ਇਲੈਕਸ਼ਨ ਸਮੇਂ ਇੱਕ ਪ੍ਰਸਿੱਧ ਅਕਾਲੀ ਲੀਡਰ ਨੂੰ "ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ" ਸ਼ਬਦ ਦੇ ਗਲਤ ਉਚਾਰਨ 'ਤੇ ਤਨਖਾਹ ਲਾਈ ਗਈ, ਇਹ ਸ਼ਬਦ ਵੀ ਦਸਮ ਗ੍ਰੰਥ ਵਿੱਚ ਦਰਜ ਹੈ। ਜਦ ਉਪਰੋਕਤ ਬਾਣੀਆਂ ਤੇ ਸ਼ਬਦ ਗੁਰਬਾਣੀ ਹਨ, ਫਿਰ ਬਾਕੀ ਦਸਮ ਗ੍ਰੰਥ ਬਾਣੀ ਕਿਉਂ ਨਹੀਂ? ਇਹ ਕੀ ਢੰਗ ਹੈ ਕਿ ਇੱਕ ਹੀ ਗ੍ਰੰਥ ਵਿੱਚ ਦਰਜ ਬਾਣੀਆਂ ਜਾਂ ਇੱਕ ਹੀ ਬਾਣੀ ਦੀਆਂ ਤੁਕਾਂ ਨੂੰ ਅਸੀਂ ਆਪਣੀ ਮਰਜ਼ੀ ਨਾਲ ਗੁਰਬਾਣੀ ਹੋਣ ਜਾਂ ਨਾ ਹੋਣ ਦਾ ਪ੍ਰਮਾਣ ਪੱਤਰ ਦਿੰਦੇ ਫਿਰਦੇ ਹਾਂ। ਇਹ ਮਨਮੱਤ ਨਹੀਂ ਤਾਂ ਹੋਰ ਕੀ ਹੈ? ਸਾਨੂੰ ਦਸਮ ਗ੍ਰੰਥ ਸਾਹਿਬ ਦਾ ਵਿਰੋਧ ਕਰਨ ਦੀ ਥਾਂ 'ਤੇ ਉਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਅਤੇ ਉਸ ਦਾ ਬਣਦਾ ਮਾਣ ਸਤਿਕਾਰ ਵੀ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਦੇੜ ਨਰ ਨਾਟਕ ਤੋਂ ਬਾਅਦ ਦਾ ਸਾਰਾ ਸਿੱਖ ਪੰਥ, ਜੋ ਦਸਮ ਨੂੰ ਹੁਣ ਤੱਕ ਮੰਨਦਾ ਰਿਹਾ ਹੈ, ਖ਼ਾਸ ਤੌਰ 'ਤੇ ਜਿਸ ਵਿੱਚ ਭਾਈ ਮਨੀ ਸਿੰਘ, ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ, ਭਾਈ ਕਾਹਨ ਸਿੰਘ ਨਾਭਾ, ਬਾਬਾ ਦੀਪ ਸਿੰਘ, ਸਿੱਖਾਂ ਦੇ ਤਖਤ, ਨਿਰਮਲੇ, ਉਦਾਸੀ, ਨਿਹੰਗ ਸਿੰਘ, ਨਾਮਧਾਰੀ, ਰਾੜਾ ਸਾਹਿਬ ਸੰਪਰਦਾ, ਨਾਨਕਸਰ, ਟਕਸਾਲਾਂ (ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਵਾਲੀ) ਆਦਿ ਸਭ ਸਿੱਖ ਜਥੇਬੰਦੀਆਂ ਤੇ ਸੰਸਥਾਵਾਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਦਸਮ ਨੂੰ ਮੰਨਦੇ ਆ ਰਹੇ ਹਨ। ਕੀ ਹੁਣ ਦਸਮ ਵਿਰੋਧੀ ਹੁਣ ਤੱਕ ਦੇ ਸਿੱਖ ਧਰਮ ਦੇ ਸਾਰੇ ਇਤਿਹਾਸ ਤੇ ਕਾਟਾ ਮਾਰਨਗੇ? ਚੰਗੀ ਗੱਲ ਤਾਂ ਇਹ ਹੈ ਕਿ ਸੰਗਤ ਨੂੰ ਭੰਬਲਭੂਸੇ ਵਿੱਚ ਪਾਉਣ ਦੀ ਥਾਂ 'ਤੇ ਦਸਮ ਗੁਰਬਾਣੀ ਪੜ੍ਹਨ ਲਈ ਪ੍ਰੇਰਿਆ ਜਾਏ।

**- ਜਸਵੰਤ ਮਸਤ**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਜਿਤਨੇ ਸਰੀਰ ਘਰ ਵਿਚ ਹੈਨ ਸਬਨੇ ਬਾਣੀ ਕੰਠ ਕਰਨੀ ਤੇ ਭਜਨ ਕਰਨਾ, ਨਾਲੇ ਬਾਣੀ ਪੜਨੀ। ਸਵਾ ਪਹਿਰ ਤੇ ਉਠ ਕਰ ਸਭ ਇਸਨਾਨ ਕਰਿਆ ਕਰੋ ਤੇ ਰਾਤ ਕੋ ਜੋਟੀਆ ਕੇ ਸਬਦ ਪੜ ਲੈਣੇ ਥੋਹੜੇ, ਰੌਲਾ ਪੈਦਾ ਹੈ। ਤੇ ਜਪੁ, ਜਾਪੁ, ਬਾਰ ਆਸਾ ਕੀ, ਸੁਖਮਨੀ ਹੋਰ ਜਿਤਨੀ ਤਫੀਕ ਹੋਵੇ ਓਤਨੀ ਕੰਠ ਕਰਨੀ ਨਾਲੇ ਪੜਨੀ ਨਾਲੇ ਚਾਰ ਅਖਰ ਕਾ ਜਾਪ ਕਰਨਾ ਸਭ ਨੇ। ਤੇ ਹੁਣ ਅਸਾ ਖਰਚਾ ਮੰਗਿਆ ਤੇ ਨਾ ਥਾ, ਪਰ ਤੁਸਾ ਨੇ ਭੇਜ ਦਿਤਾ ਹੈ। ਹਛਾ ਹੁਣ ਤੁਸਾ ਸਾਡੇ ਵਾਸਤੇ ਕਦੇ ਕੁਸ ਨਹੀ ਭੇਜਨਾ।

# ਉਪਦੇਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਧਰਮ ਦੇ ਬੰਧਨ



ਕਈ ਆਦਮੀ ਇਹ ਸੋਚਦੇ ਹਨ ਕਿ ਖਾਣਾ-ਪੀਣਾ ਇਕੱਠਾ ਹੋਣਾ ਚਾਹੀਦਾ ਹੈ। ਇਹ ਠੀਕ ਹੈ, ਪਰ ਗੁਰਮਤਿ ਅਨੁਸਾਰ ਨਹੀਂ। ਮੈਂ ਤੁਹਾਡੇ ਸਾਹਮਣੇ ਮੋਟੀ ਮਿਸਾਲ ਰੱਖਦਾ ਹਾਂ ਕਿ ਪਾਕਿਸਤਾਨ ਬਨਣ ਤੋਂ ਪਹਿਲਾਂ ਸਭ ਸਟੇਸ਼ਨਾਂ ਤੇ ਲਿਖਿਆ ਹੁੰਦਾ ਸੀ 'ਹਿੰਦੂ ਪਾਣੀ', 'ਮੁਸਲਮਾਨ ਪਾਣੀ'। ਪਾਣੀ ਵਖਰਾ ਸੀ ਪਰ ਹਿੰਦੂ-ਮੁਸਲਮਾਨ ਇਕੱਠੇ ਸਨ। ਹੁਣ ਪਾਣੀ ਇਕੱਠਾ ਹੋ ਗਿਆ ਹੈ ਤੇ ਕਿੱਥੇ ਨੇ ਅੱਜ 'ਹਿੰਦੂ-ਮੁਸਲਮਾਨ'। ਜਿਹੜਾ ਪਾਵਰ ਜਨਰੇਟ ਕਰਦਾ ਹੈ, ਡੈਨਮੋ, ਉਹਦੇ ਵਿੱਚ ਇਕ ਕੌਮਨ ਹੁੰਦਾ ਹੈ, ਉਹਦੇ ਵਿੱਚ ਸੈੱਟ ਮੈਂਟ ਹੁੰਦੇ ਨੇ। ਉਹਦੇ ਵਿੱਚ ਇੱਕ ਅਭਰਕ ਦੀ ਛਿੱਲ ਜਿਹੀ ਰੱਖੀ ਹੁੰਦੀ ਹੈ, ਉਹ ਉਸਨੂੰ ਵੱਖਰਾ-2 ਰਖਦੀ ਹੈ। ਜੇ ਉਹ ਵੱਖਰਾ ਨਾ ਰੱਖਿਆ ਜਾਵੇ ਤਾਂ ਸ਼ਾੱਟ ਹੋ ਜਾਵੇਗਾ, ਕਰੰਟ ਨਹੀਂ ਬਣ ਸਕੇਗਾ।

# ਉਪਦੇਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ

## 6 ਸਤੰਬਰ 2020 ਨੂੰ ਲਾਇਬ੍ਰੇਰੀ (ਸ੍ਰੀ ਭੈਣੀ ਸਾਹਿਬ) ਤੋਂ ਵਿਦੇਸ਼ਾਂ ਦੀ ਸੰਗਤ ਵਾਸਤੇ ਵੀਡੀਓ ਕਾਲ ਰਾਹੀਂ ਆਨਲਾਈਨ ਉਪਦੇਸ



ਪਰਮ ਸਤਿਕਾਰ ਯੋਗ ਸਾਧ ਸੰਗਤ ਜੀ ਤੁਹਾਨੂੰ ਸਾਰਿਆਂ ਨੂੰ ਬੜੇ ਪਿਆਰ ਨਾਲ ਸਤਿ ਸ੍ਰੀ ਅਕਾਲ। ਮੈਨੂੰ ਇਹ ਜਾਣ ਕਿ ਬੜੀ ਖੁਸ਼ੀ ਹੋਈ ਹੈ ਕਿ ਕੈਨੇਡਾ, ਯੂ.ਕੇ., ਯੂ.ਐੱਸ.ਏ., ਥਾਈਲੈਂਡ, ਆਸਟ੍ਰੇਲੀਆ ਆਦਿ ਸਾਰੇ ਦੇਸ਼ਾਂ ਦੀ ਸੰਗਤ ਰਲ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਉਹਨਾਂ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਮਨਾ ਰਹੀ ਹੈ। ਵੱਖ-ਵੱਖ ਜਗ੍ਹਾ ਤੋਂ ਨੌਜੁਆਨ ਇਸ ਵਿੱਚ ਭਾਗ ਲੈ ਰਹੇ ਹਨ। ਤੁਸੀਂ ਆਨ ਲਾਈਨ ਪ੍ਰੋਗਰਾਮ ਕਰ ਰਹੇ ਹੋ। ਜਿਹਦੇ ਵਿੱਚ ਬੱਚੇ ਕੀਰਤਨ ਕਰ ਰਹੇ ਹਨ, ਭਾਸ਼ਣ ਦਿੰਦੇ ਹਨ। ਮੈਂ ਸਮਝਦਾ ਹਾਂ ਕਿ ਸਾਡੀ ਬੜੀ ਵੱਡੀ ਜਾਇਦਾਦ ਹੈ 'ਸਿੱਖੀ'। ਸਾਨੂੰ ਚਾਹੀਦਾ ਹੈ ਕਿ ਇਸ ਨੂੰ ਅਸੀਂ ਸਾਂਭ ਕੇ ਰੱਖੀਏ। ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਨ ਹੈ- ਤੁਸੀਂ ਇੰਜੀਨੀਅਰ ਬਣੋ, ਡਾਕਟਰ ਬਣੋ, ਵੱਡੀ ਤੋਂ ਵੱਡੀ ਕੋਈ ਵੀ ਪੜ੍ਹਾਈ ਪੜ੍ਹੋ, ਦੁਨੀਆਂ ਦਾਰੀ ਦੇ ਮਾਮਲੇ ਵਿੱਚ ਤੁਸੀਂ ਕਿੰਨੇ ਵੀ ਚੰਗੇ ਹੋ ਜਾਵੋ, ਪਰ ਸਿੱਖ ਜ਼ਰੂਰ ਬਣੇ ਰਹੋ। ਮੈਂ ਆਪਣੇ ਤਜਰਬੇ ਨਾਲ ਇਹ ਗੱਲ ਕਹਿੰਦਾ ਹਾਂ ਕਿ ਤੁਸੀਂ ਜਿੰਨਾ-ਜਿੰਨਾ ਨਾਮ ਨਾਲ ਜੁੜਦੇ ਹੋ ਤੁਸੀਂ ਓਨੇ ਹੀ ਸੁਖੀ ਹੁੰਦੇ ਜਾਂਦੇ ਹੋ। ਬਿਨਾਂ ਸੰਤੋਖ ਤੋਂ ਸਾਨੂੰ ਸੁੱਖ ਨਹੀਂ ਮਿਲਦਾ, ਸੰਤੋਖ ਵੀ ਸਿੱਖੀ ਦੇ ਰਸਤੇ 'ਤੇ ਚੱਲਿਆਂ ਹੀ ਹਾਸਿਲ ਹੁੰਦਾ ਹੈ। ਵੱਡੇ ਤੋਂ ਵੱਡੇ ਪੈਸੇ ਵਾਲੇ ਆਦਮੀ ਵੀ ਸੁੱਖੀ ਨਹੀਂ ਕਿਉਂਕਿ ਸੁੱਖ ਤਾਂ ਸੰਤੋਖ ਵਿੱਚ ਹੀ ਹੈ। ਇਸ ਮਨੁੱਖ ਦੀ ਹਾਲਤ ਤਾਂ ਇਸ ਤਰ੍ਹਾਂ ਹੈ-

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ .....
ਮਾਇਆ ਗਈ ਤਬ ਰੋਵਨੁ ਲਗਤੁ ਹੈ॥

ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਇਸ ਮਨੁੱਖੀ ਸਰੀਰ ਨੂੰ 'ਮਿੱਟੀ ਦਾ ਪੁਤਲਾ' ਆਖਿਆ ਹੈ ਤੇ ਦੱਸਿਆ ਹੈ ਕਿ ਇਹ ਕਿਸ ਤਰ੍ਹਾਂ ਹੱਸਦਾ, ਨੱਚਦਾ, ਟੱਪਦਾ ਹੈ। ਜਦੋਂ ਇਸ ਕੋਲ ਮਾਇਆ ਆ ਜਾਵੇ ਤਾਂ ਬਹੁਤ ਖੁਸ਼ ਹੁੰਦਾ ਹੈ, ਪਰ ਜਦੋਂ ਮਾਇਆ ਚਲੀ ਜਾਵੇ ਤਾਂ ਰੋਂਦਾ ਹੈ। ਸਤਿਗੁਰੂ ਜੀ ਇਨ੍ਹਾਂ ਚੀਜ਼ਾਂ ਤੋਂ ਉੱਤੇ ਉੱਠਣ ਲਈ ਕਹਿੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਹੁੰਦੇ ਸਨ ਕਿ "ਮਾਇਆ ਦੇ ਆਉਣ ਦੀ ਸਾਨੂੰ ਬਹੁਤੀ ਖੁਸੀ ਨਾ ਹੋਵੇ ਤੇ ਜਾਣ ਤੇ ਕੋਈ ਗਮੀ ਨਾ ਹੋਵੇ। ਮਾਇਆ ਤੁਸੀਂ ਜਿੰਨੀ ਮਰਜ਼ੀ ਕਮਾਓ ਪਰ ਮਾਇਆ ਨੂੰ ਆਧਾਰ ਨਾ ਬਣਾਓ।" ਇਹ ਕੰਮ ਹੈ ਤੇ ਬਹੁਤ ਔਖਾ, ਮੇਰੇ ਲਈ ਵੀ ਬਹੁਤ ਔਖਾ ਹੈ ਪਰ ਜੇ ਅਸੀਂ ਸਤਿਗੁਰੂ ਜੀ ਦੇ ਹੁਕਮ ਨਾਲ ਇਹ ਕੋਸ਼ਿਸ਼ ਕਰੀਏ ਤਾਂ ਅਸੀਂ ਸਦ-ਖੁਸ਼ੀ ਵਾਲੀ ਪਦਵੀ ਪ੍ਰਾਪਤ ਕਰ ਸਕਦੇ ਹਾਂ। ਸਾਨੂੰ ਹਮੇਸ਼ਾ ਹੀ ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ ਕਿਉਂਕਿ ਦੇਣ ਵਾਲਾ ਵੀ ਉਹ ਹੀ ਹੈ ਤੇ ਲੈਣ ਵਾਲਾ ਵੀ ਉਹ ਹੀ ਹੈ। ਸਾਨੂੰ ਹਮੇਸ਼ਾ ਉਸ ਦਾਤਾਰ ਪ੍ਰਭੂ ਨੂੰ ਯਾਦ ਰੱਖਣਾ ਚਾਹੀਦਾ ਹੈ ਨਾ ਕਿ ਸਾਨੂੰ ਉਹਦੀਆਂ ਦਾਤਾਂ ਪਿਆਰੀਆਂ ਹੋ ਜਾਣ। ਅਸੀਂ ਉਸ ਦਾਤਾਰ ਪ੍ਰਭੂ ਨੂੰ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿੱਚ ਮੰਨਦੇ ਹਾਂ। ਉਹੀ ਸਾਡੇ ਦਾਤੇ ਹਨ। ਸਾਨੂੰ ਉਹਨਾਂ ਦਾ ਹੁਕਮ ਮੰਨਣਾ ਚਾਹੀਦਾ ਹੈ। ਸਾਖੀਆਂ, ਕਥਾ ਸੁਣ ਕੇ ਸਾਡਾ ਵੀ ਜੀਅ ਕਰਨਾ ਚਾਹੀਦਾ ਹੈ ਕਿ ਅਸੀਂ ਵੀ ਉਹਨਾਂ ਸਿੱਖਾਂ ਵਰਗੇ ਬਣੀਏ ਜਿਹੜੇ ਸਤਿਗੁਰੂ ਜੀ ਨੂੰ ਪ੍ਰਵਾਨ ਹੋਏ। ਜਿਹਨਾਂ ਨੂੰ ਸਤਿਗੁਰੂ ਜੀ ਦੀਆਂ ਖੁਸ਼ੀਆਂ ਮਿਲੀਆਂ। ਜਿਹੜੇ ਰਜ਼ਾ ਵਿੱਚ ਰਹੇ। ਅਰਦਾਸ ਕਰਿਆ ਕਰੋ ਅਸੀਂ ਵੀ ਐਸੇ ਬਣ ਸਕੀਏ। ਸਾਡਾ ਮਨ ਸਤਿਗੁਰੂ ਜੀ ਦੇ ਚਰਨਾਂ ਵਿੱਚ ਲੱਗਾ ਰਹੇ। ਤੁਸਾਂ ਸਾਰਿਆਂ ਜਿਹਨਾਂ ਨੇ ਆਨ ਲਾਈਨ ਮੇਲਾ ਕੀਤਾ ਹੈ। ਉਹਨਾਂ ਦੇ ਵੱਡੇ ਭਾਗ ਹਨ। ਬਿਨਾਂ ਵੱਡੇ ਭਾਗਾਂ ਤੋਂ ਸਤਿਗੁਰੂ ਦਾ ਜੱਸ ਨਹੀਂ ਹੁੰਦਾ।

# ਧੰਨੁ ਸੇਵਕੁ ਸਫਲ ਓਹੁ ਆਇਆ

## ਸੂਬਾ ਸੁਖਦੇਵ ਸਿੰਘ ਜੀ (1953-2020 ਈ:)

– ਹਰਪਾਲ ਸਿੰਘ ਸੇਵਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਜੇ ਨਿਵਾਜੇ, ਸੇਵਾ-ਸਿਮਰਨ ਅਤੇ ਸਿੱਖੀ-ਸਿਦਕ ਦੀ ਮੂਰਤ, ਹਰਮਨ-ਪਿਆਰੇ, ਨਿੱਘੇ ਅਤੇ ਮਿਲਾਪੜੇ ਸੁਭਾਅ ਵਾਲੇ ਸੂਬਾ ਸੁਖਦੇਵ ਸਿੰਘ ਜੀ ਦਾ ਦਰਮਿਆਨਾ ਕੱਦ, ਭਰਵਾਂ ਸਰੀਰ, ਸਫ਼ੈਦ ਫੱਬਵਾਂ ਗੋਲ ਦਾਹੜਾ, ਗੁਰਮੁਖੀ ਪਹਿਰਾਵਾ, ਨਿਰਛਲ, ਨਿਰਮਲ ਅਤੇ ਖਿੜੇ-ਖਿੜੇ ਮੁੱਖ ਮਸਤਕ ਤੇ ਰਿਸ਼ੀਆਂ ਮੁਨੀਆਂ ਵਰਗੀ ਸਦੀਵੀ ਸ਼ਾਂਤੀ, ਨਾ ਕਿਸੇ ਤੋਂ ਅੱਗੇ ਲੰਘਣ ਦੀ ਲਾਲਸਾ ਅਤੇ ਨਾ ਪਿੱਛੇ ਰਹਿ ਜਾਣ ਦਾ ਡਰ, ਲੋੜਵੰਦ ਦੀ ਮਦਦ ਕਰਨ ਵਾਲੇ ਪਰਉਪਕਾਰੀ, ਦਾਨੀ, ਕਿਰਤੀ, ਉੱਦਮੀ ਅਤੇ ਸੰਨਿਆਸੀਆਂ ਵਰਗੇ ਨਿਰਲੇਪ ਗ੍ਰਿਹਸਤੀ, ਗੁਰ-ਦਰ ਪ੍ਰਵਾਨ ਹੋਣ ਵਾਸਤੇ ਪੰਥਕ ਸੇਵਾ ਲਈ ਹਮੇਸ਼ਾਂ ਤਤਪਰ ਰਹਿਣ ਵਾਲੇ ਸਤਿਗੁਰੂ ਉਦੇ ਸਿੰਘ ਜੀ ਦੇ ਵਿਸ਼ਵਾਸ ਪਾਤਰ, ਇੱਕ ਆਦਰਸ਼ ਸਿੱਖ ਦਾ ਰੋਲ ਮਾਡਲ ਸਨ: ਸੂਬਾ ਸੁਖਦੇਵ ਸਿੰਘ ਜੀ।

ਪਿਤਾ ਸੰਤ ਬਲਵੰਤ ਸਿੰਘ ਜੀ ਅਤੇ ਮਾਤਾ ਹਰਬੰਸ ਕੌਰ ਦੇ ਗ੍ਰਿਹਿ ਵਿਖੇ ਸੂਬਾ ਸੁਖਦੇਵ ਸਿੰਘ ਜੀ ਦਾ ਜਨਮ ਸੰਨ 1953 ਨੂੰ ਦਿੱਲੀ ਵਿਖੇ ਹੋਇਆ। ਆਪ ਦੇ ਦਾਦਾ ਸੰਤ ਲਾਲ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਸਿੱਖ ਸਜੇ।

ਆਪ ਦਾ ਪਿਛਲਾ ਪਿੰਡ ਕੋਟਲਾ ਕਾਲਾ, ਜ਼ਿਲ੍ਹਾ ਸ਼ੇਖ਼ੂਪੁਰਾ ਸੀ। ਆਪ ਦੇ ਵਡੇਰੇ ਮਹਾਰਾਜਾ ਰਣਜੀਤ ਸਿੰਘ ਵੇਲੇ ਕੰਵਰ ਨੌਨਿਹਾਲ ਰੈਜੀਮੈਂਟ ਵਿੱਚ ਸਨ, ਕਾਫੀ ਵੱਡੀ ਜਗੀਰ ਦੇ ਮਾਲਕ ਸਨ। ਲਾਲ ਸਿੰਘ ਜੀ, ਸਤਿਗੁਰਾਂ ਦੇ ਚਰਨੀਂ ਲੱਗ, ਸਿੱਖ ਸਜ ਕੇ ਨਾਮ-ਬਾਣੀ ਦੇ ਰੰਗ ਵਿੱਚ ਰੰਗੇ ਗਏ। ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਇਲਾਕਾ ਜੀਵਨ ਨਗਰ ਵਿੱਚ ਕੁਝ ਜ਼ਮੀਨ ਖਰੀਦੀ। ਰੌਲਿਆਂ ਤੋਂ ਬਾਅਦ ਕੁਝ ਸਮਾਂ ਜੀਵਨ ਨਗਰ ਰਹੇ, ਮਿਸਤਰੀ ਸਨ, ਆਟਾ ਪੀਹਣ ਵਾਲੀ ਚੱਕੀ ਦੀ ਸੇਵਾ ਸੰਭਾਲੀ।

ਸੰਤ ਲਾਲ ਸਿੰਘ ਜੀ ਦੇ ਤਿੰਨ ਸਪੁੱਤਰ ਸਨ: ਸੰਤ ਸੁਦਾਗਰ ਸਿੰਘ, ਸੰਤ ਬਹਾਦਰ ਸਿੰਘ ਅਤੇ ਸੰਤ ਬਲਵੰਤ ਸਿੰਘ। ਜੀਵਨ ਨਗਰ ਤੋਂ ਇੰਜਨ ਜਾਂ ਚੱਕੀ ਦੀ ਮੁਰੰਮਤ ਲਈ ਸੰਤ ਬਲਵੰਤ ਸਿੰਘ ਜੀ ਆਪਣੇ ਪਿਤਾ ਨਾਲ ਦਿੱਲੀ ਜਾਂਦੇ। ਇਸ ਤਰ੍ਹਾਂ ਦਿੱਲੀ ਸ਼ਹਿਰ ਦੀ ਕੁਝ ਵਾਕਫ਼ੀਅਤ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ ਕਿ ਜਿਹੜੇ ਮਿਸਤਰੀ ਸਿੰਘ ਹਨ, ਜੋ ਕੰਮ ਕਰ ਸਕਦੇ ਹਨ, ਸ਼ਹਿਰਾਂ ਵਿੱਚ ਸੈੱਟ ਹੋ ਜਾਉ। ਸੰਤ ਬਲਵੰਤ ਸਿੰਘ ਜੀ ਦਿੱਲੀ ਸੈਟਲ ਹੋ ਗਏ। ਆਪ ਦਾ ਅਨੰਦ ਕਾਰਜ ਬੀਬੀ ਹਰਬੰਸ ਕੌਰ ਨਾਲ ਹੋਇਆ। ਦਿੱਲੀ ਆ ਕੇ ਹੀ ਆਪ ਦੇ ਗ੍ਰਿਹਿ ਵਿਖੇ 1953 ਵਿੱਚ ਸੁਖਦੇਵ ਸਿੰਘ ਦਾ ਜਨਮ ਹੋਇਆ, ਪਰ ਸੰਤ ਲਾਲ ਸਿੰਘ ਜੀ ਗੁਰੂ ਦਰਸ਼ਨਾਂ ਦੇ ਲਾਭ ਹਿਤ ਅਤੇ ਭਜਨ-ਬਾਣੀ ਅਤੇ ਸੇਵਾ-ਸਿਮਰਨ ਦੇ ਆਹਰ ਕਰਕੇ ਜੀਵਨ ਨਗਰ ਹੀ ਰਹੇ। ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ 1954 ਵਿੱਚ ਸੰਤ ਲਾਲ ਸਿੰਘ ਜੀ ਦਿੱਲੀ ਆਪਣੇ ਪਰਿਵਾਰ ਪਾਸ ਆ ਗਏ, ਜਿਸ ਦਿਨ ਦਿੱਲੀ ਪੁੱਜੇ, ਅਗਲੇ ਦਿਨ ਹੀ ਚੜ੍ਹਾਈ ਕਰ ਗਏ।

ਸੂਬਾ ਸੁਖਦੇਵ ਸਿੰਘ ਜੀ ਦੇ ਦੋ ਭਰਾ ਸੰਤ ਚਰਨਜੀਤ ਸਿੰਘ ਅਤੇ ਸੰਤ ਰਾਜਪਾਲ ਸਿੰਘ ਹਨ ਅਤੇ ਛੇ ਭੈਣਾਂ: ਰਵਿੰਦਰ ਕੌਰ, ਬਲਵਿੰਦਰ ਕੌਰ, ਹਰਜੀਤ ਕੌਰ, ਬੇਅੰਤ ਕੌਰ, ਜਸਵਿੰਦਰ ਕੌਰ ਅਤੇ ਪ੍ਰਭਜੋਤ ਕੌਰ ਹਨ। ਸੂਬਾ ਜੀ ਨੇ ਦਿੱਲੀ ਵਿਖੇ ਹੀ ਸਕੂਲ ਅਤੇ ਕਾਲਜ ਦੀ ਪੜ੍ਹਾਈ ਪੂਰੀ ਕੀਤੀ। ਆਪ ਦਾ ਅਨੰਦ ਕਾਰਜ ਬੀਬੀ ਸੁਖਬੀਰ ਕੌਰ ਨਾਲ ਹੋਇਆ। ਇਹ ਵੀ ਚੰਗੇ ਭਾਗਾਂ ਦਾ ਸ਼ੁਭ ਸੰਜੋਗ ਹੀ ਸੀ ਕਿ ਸੂਬਾ ਜੀ ਦੀ ਜੀਵਨ ਸਾਥਣ ਵੀ ਸੁਨਿਮਰ, ਸੁਸ਼ੀਲ, ਸੁਚੱਜੀ, ਸਾਦਗੀ ਅਤੇ ਸੇਵਾ ਦੀ ਮੂਰਤ ਸੀ। ਦੋਹਾਂ ਜੀਆਂ ਨੇ ਘਰ ਆਏ ਸਿੱਖਾਂ-ਸਾਧਾਂ ਦੀ ਸੇਵਾ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਕਰਨੀ। ਇਸ ਵਡਭਾਗੀ ਜੋੜੀ ਦੇ ਦੋ ਬੱਚੇ: ਬੀਬੀ ਕਮਲਪ੍ਰੀਤ ਕੌਰ ਅਤੇ ਕਾਕਾ ਸੁਲੱਖਣ ਸਿੰਘ ਵੀ ਸਿੱਖੀ ਜੀਵਨ ਅਤੇ ਸੁਹਿਰਦਤਾ ਵੱਲੋਂ ਆਪਣੀ ਮਿਸਾਲ ਆਪ ਹੀ ਹਨ।

ਸੂਬਾ ਜੀ ਨੂੰ ਜੀਵਨ ਵਿੱਚ ਬਹੁਤ ਸਾਰੇ ਗੁਣ ਅਤੇ ਗੁਰਮਤਿ ਦੀ ਗੁੜ੍ਹਤੀ ਦਾਦੇ ਅਤੇ ਪਿਤਾ ਤੋਂ ਵਿਰਸੇ ਵਿੱਚ ਪ੍ਰਾਪਤ ਹੋਈ। ਜਿਵੇਂ ਪਰਿਵਾਰ ਹੀ ਬੱਚੇ ਵਾਸਤੇ ਸਭ ਤੋਂ ਪਹਿਲਾ ਸਕੂਲ ਹੁੰਦਾ ਹੈ ਅਤੇ ਮਾਂ ਸਭ ਤੋਂ ਪਹਿਲਾਂ ਗੁਰੂ (ਉਸਤਾਦ) ਹੁੰਦੀ ਹੈ। ਸੂਬਾ ਜੀ ਦੇ ਪਿਤਾ ਸੰਤ ਬਲਵੰਤ ਸਿੰਘ ਜੀ ਅਤੇ ਮਾਤਾ ਹਰਬੰਸ ਕੌਰ ਦੋਵੇਂ ਹੀ ਗੁਰਮਤਿ ਦੇ ਧਾਰਨੀ,

ਨਾਮ ਦੇ ਰਸੀਏ ਅਤੇ ਸੰਤ-ਸੇਵੀ ਦੰਪਤੀ ਸਨ। ਸੰਤ ਬਲਵੰਤ ਸਿੰਘ ਜੀ ਵੱਡੇ ਸੋਧੀ ਸਨ। ਤੁਰਿਆਂ-ਫਿਰਦਿਆਂ, ਕੰਮ-ਕਿਰਤ ਕਰਦਿਆਂ, ਸੰਤਾਂ ਦੀ ਰਸਨਾ ਹਮੇਸ਼ਾ ਚੱਲਦੀ ਰਹਿੰਦੀ, ਸੁਆਸ-ਸੁਆਸ ਨਾਮ ਜਪਦੇ। ਆਪਣੇ ਪਿਤਾ ਸੰਤ ਲਾਲ ਸਿੰਘ ਜੀ ਦੀ ਨਾਮ-ਬਾਣੀ ਅਤੇ ਗੁਰਸਿੱਖੀ ਦੀ ਵਿਰਾਸਤ ਸੰਤ ਬਲਵੰਤ ਸਿੰਘ ਜੀ ਨੇ ਅਨਮੋਲ ਦਾਤ ਵਜੋਂ ਸੰਭਾਲੀ ਅਤੇ ਇਹ ਗੁਰਮਤਿ ਜੀਵਨ ਜਾਚ ਆਪਣੇ ਪੁੱਤਰਾਂ, ਪੋਤਰਿਆਂ ਨੂੰ ਪ੍ਰੇਮ ਨਾਲ ਦ੍ਰਿੜਾਈ। ਸੂਬਾ ਜੀ ਨੇ ਦੱਸਿਆ ਕਿ ਮੈਂ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਪਹਿਲਾਂ ਦੱਸ ਦਿਆ ਕਰੋ ਜਦੋਂ ਸ੍ਰੀ ਭੈਣੀ ਸਾਹਿਬ ਜਾਣਾ ਹੁੰਦਾ ਹੈ, ਟਰੇਨ ਤੇ ਸਲੀਪਰ ਸੀਟ ਬੁੱਕ ਕਰਵਾ ਦਿਆ ਕਰੀਏ। ਆਰਾਮ ਨਾਲ ਚਲੇ ਜਾਇਆ ਕਰੋ, ਤੁਸੀਂ ਜਾਂਦੇ ਵੀ ਰਾਤ ਦੀ ਟਰੇਨ ਤੇ ਹੋ, ਜੇ ਸੀਟ ਨਾ ਮਿਲੇ ਕਿੰਨੀ ਬੇ-ਆਰਾਮੀ ਹੁੰਦੀ ਹੈ। ਸੰਤਾਂ ਜੁਆਬ ਦਿੱਤਾ:- ਸਤਿਗੁਰਾਂ ਦੇ ਦਰਸ਼ਨ ਕਰਨ ਜਾਣ ਵੇਲੇ ਸਗੋਂ ਜੇ ਬੈਠਣ ਨੂੰ ਵੀ ਸੀਟ ਨਾ ਮਿਲੇ ਤਾਂ ਰਸਤੇ ਵਿੱਚ ਨਾਮ ਜਪਦੇ ਜਾਈਏ ਤਾਂ ਹੋਰ ਵੀ ਚੰਗਾ ਹੈ। ਇੱਕ ਵੇਰ ਸੰਤ ਬਲਵੰਤ ਸਿੰਘ ਜੀ ਰਾਤ ਸਫ਼ਰ ਕਰਕੇ ਅੰਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ ਪੁੱਜੇ। ਟਰੇਨ ਵਿੱਚ ਸਾਰਾ ਰਸਤਾ ਖਲੋਤੇ ਹੀ ਰਹੇ ਅਤੇ ਸੁਆਸ- ਸੁਆਸ ਨਾਮ ਜਪਦੇ ਰਹੇ। ਜਾਂਦਿਆਂ ਹੀ ਬਾਗਵਾਲੀ ਕੋਠੀ ਵਿੱਚ ਗਏ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸੇ ਵੇਲੇ ਕੋਠੀ 'ਚੋਂ ਬਾਹਰ ਆ ਦਰਸ਼ਨ ਦਿੱਤੇ। ਕਲਾਵੇ 'ਚ ਲੈ ਬੜੇ ਪ੍ਰੇਮ ਨਾਲ ਬਚਨ ਕੀਤਾ: "ਸੰਤ ਬਲਵੰਤ ਸਿੰਘ ਜੀ ਧੰਨ ਹੋ ਤੁਸੀਂ।" ਅਜੇਹੇ ਸਿੱਖਾਂ ਬਾਰੇ ਹੀ ਗੁਰੂ ਰਾਮਦਾਸ ਜੀ ਰਾਗ ਆਸਾ ਵਿੱਚ ਫੁਰਮਾਉਂਦੇ ਹਨ:

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ
ਜਨੁ ਨਾਨਕੁ ਤਿਨ ਬਲਿ ਜਾਸੀ।

ਸੰਤ ਬਲਵੰਤ ਸਿੰਘ ਜੀ ਉਨ੍ਹਾਂ ਵਡਭਾਗੇ ਸਿੱਖਾਂ ਵਿੱਚੋਂ ਸਨ ਜਿਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਇਹ ਮਾਣ ਬਖਸ਼ਦੇ ਸਨ ਕਿ ਸੰਤ ਜੀ ਤੁਸੀਂ ਸਵਾ ਮਹੀਨਾ ਇੱਕ ਮਾਲਾ ਭਜਨ ਦੀ, ਇਕ ਭਗੌਤੀਆਂ ਦੀ, ਰੋਜ਼ਾਨਾਂ ਫੇਰ ਕੇ ਅਰਦਾਸ ਕਰੋ ਕਿ ਫਲਾਣੇ ਸਿੱਖ ਦਾ ਕਾਰਜ ਰਾਸ ਹੋਵੇ ਜਾਂ ਓਸ ਸਿੱਖ ਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਵੇ।

ਸੂਬਾ ਜੀ ਦੱਸਿਆ ਕਰਦੇ ਸਨ ਕਿ ਪਿਤਾ ਜੀ ਗੁਰਬਾਣੀ ਦੀ ਇਹ ਪੰਗਤੀ ਪੜ੍ਹ ਕੇ ਸਮਝਾਇਆ ਕਰਦੇ ਸਨ:-ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ

ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥

ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਬਸਤਰ, ਪਦਾਰਥ ਭੇਟ ਕਰਨ ਨਾਲ ਕਿਸੇ ਚੀਜ਼ ਦੀ ਕਦੇ ਤੋਟ ਨਹੀਂ ਆਉਂਦੀ।

ਸੂਬਾ ਜੀ ਹੁਰੀਂ ਸਾਰੇ ਭਰਾ ਹੀ ਪੱਗਾਂ ਵੀ ਨੋਕਦਾਰ ਬੰਨ੍ਹਦੇ ਸਨ ਅਤੇ ਕੱਪੜ੍ਹੇ ਵੀ ਖੁੱਲ੍ਹੇ ਪਾ ਲੈਂਦੇ ਸਨ। ਇੱਕ ਵੇਰ 1966-67 ਦੇ ਨੇੜੇ ਪੂਸਾ ਰੋਡ ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ 40 ਦਿਨ ਲਗਾਤਾਰ ਵਰਨੀਆਂ ਹੋਈਆਂ, ਦਿੱਲੀ ਦੇ ਨੌਜੁਆਨ ਨਾਮ ਸਿਮਰਨ ਅਤੇ ਚੌਪਈ ਦੀਆਂ ਵਰਨੀਆਂ ਕਰਦੇ। ਘੱਟੋ-ਘੱਟੋ ਓਨੇ ਦਿਨ ਸਭ ਨੇ ਪਹਿਰਾਵਾ ਅਤੇ ਦਸਤਾਰੇ ਠੀਕ ਰੱਖੇ। ਸੂਬਾ ਜੀ ਵੀ ਆਪਣੇ ਭਰਾਵਾਂ ਨਾਲ ਵਰਨੀਆਂ 'ਚ ਭਾਗ ਲੈਂਦੇ ਰਹੇ। ਦਸਤਾਰੇ ਰੰਗਦਾਰ ਤੋਂ ਸਫੈਦ ਕਰ ਲਏ। ਫਿਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਸਦਾ ਲਈ ਦਸਤਾਰਾ ਸਿੱਧਾ ਬੰਨ੍ਹਣ ਲੱਗ ਪਏ। ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਨੇ ਦੱਸਿਆ ਕਿ ਸੂਬਾ ਜੀ ਕਿਹਾ ਕਰਦੇ ਸਨ ਕਿ ਮੈਨੂੰ ਸਤਿਗੁਰੂ ਸੱਚੇ ਪਾਤਸ਼ਾਹ ਆਪ ਕਿਰਪਾ ਕਰਕੇ ਸਟੈੱਪ ਵਾਈਜ਼ ਇੱਕ-ਇੱਕ ਪੌੜੀ ਚਾੜ੍ਹਿਆ, ਜਿਵੇਂ ਉਂਗਲੀ ਫੜਕੇ ਆਪ ਗੁਰਮਤਿ ਮਾਰਗ ਤੇ ਤੋਰਿਆ। ਪਹਿਲੋਂ ਪਹਿਰਾਵਾ ਠੀਕ ਕਰਾਇਆ, ਦਸਤਾਰਾ ਸਿੱਧਾ ਕਰਵਾਇਆ, ਫੇਰ ਪਹਿਲੋਂ ਪਹਿਲ ਹੁਕਮ ਕਰਨਾ ਅੱਧਾ ਘੰਟਾ ਹੀ ਸਿਮਰਨ ਕਰ ਲਿਆ ਕਰ, ਫੇਰ ਇੱਕ ਘੰਟਾ, ਫੇਰ ਅੰਮ੍ਰਿਤ ਵੇਲੇ ਉੱਠਣਾ, ਚੰਡੀ ਦੀ ਵਾਰ ਦਾ ਪਾਠ ਕਰਨ ਦੀ ਪੱਕੀ ਕੀਤੀ, ਨਿਤਨੇਮ ਦੀਆਂ ਪੰਜੇ ਬਾਣੀਆਂ, ਪ੍ਰਤੀ ਮਹੀਨਾ ਇੱਕ ਸਾਧਾਰਨ ਪਾਠ ਕਰਨ ਲਈ ਹੁਕਮ ਕਰਨਾ। ਏਸੇ ਤਰ੍ਹਾਂ ਪਹਿਲੋਂ ਬਜ਼ਾਰ ਦਾ ਖਾਣੋਂ ਵਰਜਿਆ, ਅਖੀਰ ਵੱਡੀ ਸੋਧ ਰਖਵਾਈ। 1982 ਤੋਂ ਸੂਬਾ ਜੀ ਅਤੇ ਆਪ ਦੀ ਧਰਮ ਪਤਨੀ ਦੋਹਾਂ ਜੀਆਂ ਨੇ ਵੱਡੀ ਸੋਧ ਰੱਖ ਲਈ ਜੋ ਆਖਰੀ ਸਵਾਸਾਂ ਤੱਕ ਨਿਭਾਈ।

ਹੰਸਪਾਲ ਜੀ ਨੇ ਦੱਸਿਆ ਕਿ ਸ਼ੁਰੂ ਤੋਂ ਹੀ ਸੰਤ ਬਲਵੰਤ ਸਿੰਘ ਜੀ ਨੇ ਸੁਖਦੇਵ ਸਿੰਘ ਨੂੰ ਸਾਡੇ ਨਾਲ ਵਿੱਦਿਅਕ ਸੰਮੇਲਨਾਂ 'ਚ ਭੇਜਣਾ, ਸਾਧ ਸੰਗਤ ਦੀ ਸੇਵਾ ਵਾਸਤੇ ਪ੍ਰੇਰਨਾ ਅਤੇ ਪੰਥਕ ਕੰਮਾਂ ਲਈ ਉਤਸ਼ਾਹਿਤ ਕਰਨਾ। ਜਦੋਂ ਦਿੱਲੀ ਵਿੱਚ 1980 ਤੋਂ ਬਾਅਦ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਸ਼ੁਰੂ ਕਰਨਾ ਸੀ, ਸੰਤ ਬਲਵੰਤ ਸਿੰਘ ਜੀ ਅਤੇ ਸੰਤ ਮਹਿੰਦਰ ਸਿੰਘ ਜੀ ਮੋਢੀ ਮੈਂਬਰਾਂ ਵਿੱਚੋਂ ਸਨ। ਇਨ੍ਹਾਂ ਦੋਹਾਂ ਦਾ ਆਰੰਭ ਵਿੱਚ ਵੱਡਾ ਯੋਗਦਾਨ ਹੈ। ਸਕੂਲ ਸ਼ੁਰੂ ਹੋਣ ਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੰਸਪਾਲ ਜੀ ਨਾਲ ਸੂਬਾ ਜੀ ਵੀ ਸਾਈਨਿੰਗ

ਅਥੌਰਟੀ ਸਨ। ਆਪ ਨੇ ਤਨੋਂ, ਮਨੋਂ, ਧੰਨੋ ਸਕੂਲ 'ਚ ਸੇਵਾ ਕੀਤੀ। ਕਈ ਵੇਰ ਆਪ ਗੱਡੀ ਤੇ ਘਰਾਂ ਵਿੱਚੋਂ ਬੱਚਿਆਂ ਨੂੰ ਲਿਆ ਕੇ ਸਕੂਲ ਪਹੁੰਚਾਉਣਾ, ਕਿੰਨੇ ਹੀ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਫ਼ੀਸ ਆਪ ਦੇਣੀ, ਉਨ੍ਹਾਂ ਨੂੰ ਕਿਤਾਬਾਂ ਅਤੇ ਵਰਦੀਆਂ ਵੀ ਲੈ ਕੇ ਦੇਣੀਆਂ। ਇਹ ਸਾਰਾ ਕੁਝ ਚੁੱਪ ਕਰਕੇ ਕਰੀ ਜਾਣਾ, ਕਿਸੇ ਨੂੰ ਪਤਾ ਵੀ ਨਹੀਂ ਲੱਗਣ ਦੇਣਾ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦਾ ਬਚਨ 'ਹਮੇਸ਼ਾਂ ਆਪਣੀ ਭਲਾਈ ਛੁਪਾਉਣ ਦੀ ਕਰਨੀ।' ਆਪ ਦਾ ਸਹਿਜ ਸੁਭਾਅ ਬਣ ਚੁੱਕਾ ਸੀ।

ਜੂਨ 1992 ਵਿੱਚ ਇੱਕ ਵੇਰ ਸ੍ਰੀ ਸਤਿਗੁਰੂ ਜੀ ਦਿੱਲੀ ਵਿਖੇ ਡੇਰਿਓਂ (K-17 ਰਾਜੌਰੀ ਗਾਰਡਨ) ਧਰਮਸਾਲਾ ਵੱਲ ਜਾਣ ਸਮੇਂ ਹੰਸਪਾਲ ਜੀ ਨੂੰ ਹੁਕਮ ਕੀਤਾ: ਧਰਮਸਾਲਾ ਜਾ ਕੇ ਯਾਦ ਕਰਵਾਇਓ, ਮੈਂ ਕੋਈ ਜ਼ਰੂਰੀ ਐਲਾਨ ਕਰਨਾ ਹੈ। ਜਦੋਂ ਹੰਸਪਾਲ ਜੀ ਨੇ ਨਾਮ-ਸਿਮਰਨ ਦੀ ਅਰਦਾਸ ਉਪਰੰਤ ਗਰੀਬ ਨਿਵਾਜ਼ ਨੂੰ ਅਰਜ਼ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਨੇ ਆਪ ਮਾਈਕ ਫੜ ਕੇ ਬਚਨ ਕੀਤਾ ਕਿ ਸੁਖਦੇਵ ਸਿੰਘ ਨੂੰ ਸੂਬਾ ਥਾਪਿਆ ਹੈ। ਸੰਗਤ ਨੇ ਜੈਕਾਰੇ ਗਜਾ ਕੇ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਦਾ ਸ਼ੁਕਰਾਨਾ ਕੀਤਾ। ਇਸ ਤੋਂ ਬਾਅਦ 24 ਜੂਨ 1992 ਨੂੰ ਰਮੇਸ਼ ਨਗਰ ਧਰਮਸ਼ਾਲਾ ਵਿਖੇ ਉਪਦੇਸ਼ ਦੇਂਦਿਆਂ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ:

"ਬੱਚਿਆਂ ਨੂੰ, ਨੌਜੁਆਨਾਂ ਨੂੰ ਇਕੱਠੇ ਕਰਨ ਅਤੇ ਧਰਮ ਵੱਲ ਪ੍ਰੇਰਣ ਦਾ ਮਨੋਰਥ ਇਹ ਹੈ ਕਿ ਅੱਗੋਂ ਭਵਿੱਖ ਦੀ ਵਾਗਡੋਰ ਇਨ੍ਹਾਂ ਦੇ ਹੱਥ ਆਉਣੀ ਹੈ।

ਉਹ ਆਪਣੇ ਮਨ ਦੇ ਘੋੜੇ ਨੂੰ ਕਿਸ ਪਾਸੇ ਲਿਜਾਂਦੇ ਹਨ, ਉਹਦੇ ਅਨੁਸਾਰ ਅਗਲੀ ਗਲ ਚੱਲਣੀ ਹੈ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਜਦੋਂ ਮੈਂ ਬਿਨਾ ਕਿਸੇ ਨੂੰ ਦੱਸਿਆਂ ਪੁੱਛਿਆਂ- ਸੁਖਦੇਵ ਸਿੰਘ ਨੂੰ ਸੂਬਾ ਬਣਾਇਆ, ਮੈਨੂੰ ਬਹੁਤ ਟੈਲੀਫ਼ੋਨ ਆਏ, ਚਿੱਠੀਆਂ ਆਈਆਂ, ਉਹ ਬਹੁਤ ਖ਼ੁਸ਼ ਹੋਏ ਕਿ ਤੁਸੀਂ ਸਾਡੇ ਨੌਜੁਆਨਾਂ 'ਚੋਂ ਸੂਬਾ ਬਣਾ ਦਿੱਤਾ ਹੈ। ਮੈਂ ਦੂਸਰਿਆਂ ਨੂੰ ਵੀ ਅਰਜ਼ ਕਰਾਂਗਾ ਕਿ ਦੂਸਰੇ ਨੌਜੁਆਨ ਵੀ ਪੰਥਕ ਸੇਵਾ ਲਈ ਓਨੀਂ ਹੀ ਜ਼ਿੰਮੇਵਾਰੀ ਸਮਝਣ ਜਿੰਨੀ ਸੂਬਾ ਸੁਖਦੇਵ ਸਿੰਘ ਹੁਰਾਂ ਦੀ ਹੈ।"

ਸੂਬਾ ਜੀ ਨੇ ਸ੍ਰੀ ਸਤਿਗੁਰੂ ਜੀ ਵੱਲੋਂ ਬਖਸ਼ੀ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ। ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਨੇ ਦੱਸਿਆ ਕਿ ਮੈਂ ਇੱਕ ਵੇਰ ਸੰਮੇਲਨ ਵਿੱਚ ਦੀਵਾਨ ਲਗਾਇਆ। ਉਸ ਤੋਂ ਬਾਅਦ ਕਾਫੀ ਸਮਾਂ ਮੈਂ ਇਸ ਪੱਖੋਂ ਅਵੇਸਲਾ ਹੋ ਗਿਆ, ਪਰ ਸੂਬਾ ਜੀ ਨੇ ਵਾਰ-ਵਾਰ ਮੈਨੂੰ ਆਖਦਿਆਂ ਹੀ ਰਹਿਣਾ ਕਾਕਾ ਤੂੰ ਵਧੀਆ ਦੀਵਾਨ ਲਗਾ ਸਕਦਾ ਹੈਂ, ਤੂੰ ਛੱਡ ਨਾ, ਪ੍ਰੇਰ ਕੇ ਮੈਨੂੰ ਜਥੇਦਾਰ ਸੇਵਾ ਸਿੰਘ ਜੀ ਦਾ ਸ਼ਗਿਰਦ ਬਣਾਇਆ। ਅੱਜ ਮੈਂ ਜੇ ਨਾਮਧਾਰੀ ਪੰਥ ਵਿੱਚ ਇੱਕ ਜਥੇਦਾਰ, ਪ੍ਰਚਾਰਕ ਜਾਂ ਬੁਲਾਰੇ ਵਜੋਂ ਕੁਝ ਨਾ ਕੁਝ ਜਾਣਿਆ ਜਾਂਦਾ ਹਾਂ ਤਾਂ ਇਹ ਸਿਰਫ ਸੂਬਾ ਜੀ ਦੀ ਪ੍ਰੇਰਨਾ ਸਦਕਾ ਹੀ ਹੈ।

ਸੂਬਾ ਜੀ ਨੇ ਮੈਨੂੰ ਸੋਧ ਰੱਖਣ ਲਈ ਏਸ ਤਰ੍ਹਾਂ ਪ੍ਰੇਰਨਾ ਕਿ 'ਵੇਖ ਨਿਸ਼ਾਨ ਸਿੰਘ, ਸੰਤ ਬੂੜ ਸਿੰਘ ਜੀ ਸੋਧੀ ਸਨ ਤਾਂ ਉਨ੍ਹਾਂ ਦੇ ਪੁੱਤਰ ਜਥੇਦਾਰ ਸੇਵਾ ਸਿੰਘ ਜੀ ਸ਼੍ਰੋਮਣੀ ਜਥੇਦਾਰਾਂ 'ਚ ਗਿਣੇ ਜਾਂਦੇ ਹਨ। ਹੰਸਪਾਲ ਜੀ ਦੀ ਮਾਤਾ ਸੋਧ ਰੱਖਦੀ ਸੀ ਤਾਂ ਸੱਚੇ ਪਾਤਸ਼ਾਹ ਜੀ ਨੇ ਹੰਸਪਾਲ ਜੀ ਤੇ ਕਿੰਨੀ ਕ੍ਰਿਪਾ ਕੀਤੀ, ਮੈਂਬਰ ਪਾਰਲੀਮੈਂਟ ਅਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਬਣਾਇਆ। ਬਾਪੂ ਬਚਨ ਸਿੰਘ ਸੋਧੀ ਨੇ ਤਾਂ ਉਨ੍ਹਾਂ ਦੇ ਪੁੱਤਰ ਵੱਸਣ ਸਿੰਘ ਨੂੰ ਪ੍ਰਧਾਨਗੀ ਦੀ ਸੇਵਾ ਬਖ਼ਸ਼ੀ। ਮੇਰੇ ਮਾਤਾ-ਪਿਤਾ ਸੋਧੀ ਸਨ ਤਾਂ ਮੈਨੂੰ ਪਾਤਸ਼ਾਹ ਜੀ ਨੇ ਸੂਬਾ ਪਦਵੀ ਨਾਲ ਨਿਵਾਜਿਆ। ਰਾਗੀਆਂ ਵਿੱਚੋਂ ਬਲਵੰਤ ਸਿੰਘ ਸੋਧੀ ਹੈ, ਵੇਖ ਲਓ ਉਹ ਸਭ ਤੋਂ ਵਧੀਆ ਰਾਗੀ ਬਣ ਗਿਆ। ਸੋਧੀਆਂ ਤੇ ਸੱਚੇ ਪਾਤਸ਼ਾਹ ਦੀਆਂ ਬਹੁਤ ਖੁਸ਼ੀਆਂ ਹੁੰਦੀਆਂ ਹਨ। ਇੱਕ ਵੇਰ ਇੱਕ ਸਿੰਘ ਨੇ 'ਇੱਕ ਸੋਧੀ ਨੌਜੁਆਨ' ਨੂੰ ਪੁੱਤਰ ਦੀ ਦਾਤ ਬਖ਼ਸ਼ਣ ਵਾਸਤੇ ਅਰਜ਼ ਕੀਤੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਬੜੇ ਖੁਸ਼ ਹੋ ਕੇ ਬਚਨ ਕੀਤਾ- ਸੋਧੀਆਂ ਵਾਸਤੇ ਤਾਂ ਪੁੱਤਰਾਂ ਦਾ ਵੱਖਰਾ ਕੋਟਾ ਹੈ।" ਇਸ ਤਰ੍ਹਾਂ ਦੀਆਂ ਗੱਲਾਂ ਆਖ ਕੇ ਸੂਬਾ ਜੀ ਹਮੇਸ਼ਾ ਗੁਰਮਤਿ ਵੱਲ ਪ੍ਰੇਰਦੇ ਸਨ, ਸਾਖੀਆਂ ਸੁਣਾਉਣੀਆਂ, ਗੁਰੂ ਜੱਸ ਕਰਦਿਆਂ-ਸੁਣਦਿਆਂ ਆਪ ਵੀ ਸ਼ਰਧਾ ਅਤੇ ਪ੍ਰੇਮ ਭਗਤੀ ਵਿੱਚ ਰੰਗੇ ਜਾਣਾ ਅਤੇ ਸਰੋਤਿਆਂ ਨੂੰ ਵੀ ਗੁਰੂ ਪ੍ਰੇਮ ਵਿੱਚ ਰੰਗ ਲੈਣਾ। ਜਥੇਦਾਰ ਨਿਸ਼ਾਨ ਸਿੰਘ ਜੀ ਨੇ ਦੱਸਿਆ ਕਿ ਮੈਂ ਬਾਰਵੀਂ ਕਲਾਸ ਵਿੱਚ ਪੜ੍ਹਦਾ ਸਾਂ, ਸੂਬਾ ਜੀ ਨੇ ਸਿੱਖਾਂ ਦੇ ਘਰਾਂ 'ਚ ਹਵਨ ਅਤੇ ਵਰਨੀਆਂ ਕਰਨੀਆਂ, ਕਰਵਾਉਣੀਆਂ ਸ਼ੁਰੂ ਕੀਤੀਆਂ। ਸਾਨੂੰ ਨੌਜੁਆਨਾਂ ਨੂੰ ਇਕੱਠਿਆਂ ਕਰਕੇ ਆਪ ਘਰੇ ਇਸ਼ਨਾਨ ਕਰਵਾਉਣਾ, ਸੋਧ ਬਾਰੇ ਸਮਝਾਉਣਾ ਅਤੇ ਸਾਰਿਆਂ ਵਾਸਤੇ ਆਪ ਲੰਗਰ ਤਿਆਰ ਕਰਨਾ। ਮਿੱਠੇ ਚੌਲ, ਦਹੀਂ-ਭੱਲੇ, ਛੋਲੇ ਪੂਰੀਆਂ ਆਦਿ ਤਰ੍ਹਾਂ ਤਰ੍ਹਾਂ ਦੇ ਪਦਾਰਥ ਬਣਾ ਕੇ ਛਕਾਉਣੇ। ਭਗਤ ਫਰੀਦ ਜੀ ਦੀ ਮਾਂ ਵੱਲੋਂ ਸੱਕਰ ਦਾ ਲਾਲਚ ਦੇ ਕੇ, ਰੱਬ ਵਾਲੇ ਪਾਸੇ ਲਾਉਣ ਵਾਂਗ ਸੂਬਾ ਜੀ ਨਵੇਂ ਬੱਚਿਆਂ ਨੂੰ ਨਾਮ ਬਾਣੀ

ਅਤੇ ਰਹਿਤ ਮਰਿਯਾਦਾ ਵੱਲ ਪ੍ਰੇਰਣ ਲਈ ਆਪ ਤਰ੍ਹਾਂ ਤਰ੍ਹਾਂ ਦੇ ਪਦਾਰਥ ਛਕਾਉਂਦੇ। ਹੁਣ ਢਾਈ ਕੁ ਸਾਲ ਤੋਂ, ਜਦੋਂ ਤੋਂ ਸੂਬਾ ਜੀ ਢਿੱਲੇ ਹੋਣ ਕਰਕੇ ਵੀਲ ਚੇਅਰ ਤੇ ਸਨ, ਨੌਜੁਆਨ ਯਾਦ ਕਰਦੇ ਹਨ ਕਿ ਉਸ ਤੋਂ ਬਾਅਦ ਉਸ ਤਰ੍ਹਾਂ ਦੇ ਸੋਧ ਦੇ ਪਦਾਰਥ ਹੋਰ ਕਿਸੇ ਨੇ ਨਹੀਂ ਛਕਾਏ। ਸੂਬਾ ਜੀ ਵੱਲੋਂ ਤਿਆਰ ਕੀਤੇ ਲੰਗਰ ਵਿੱਚ ਨਾਮ ਬਾਣੀ ਅਤੇ ਸ਼ਰਧਾ ਪ੍ਰੇਮ ਦਾ ਰਸ ਘੁਲਿਆ ਹੁੰਦਾ ਸੀ।

ਸੂਬਾ ਜੀ ਨੇ ਆਪ ਵੀ ਸੋਧ ਇਸ ਤਰ੍ਹਾਂ ਦੀ ਭਾਵਨਾ ਨਾਲ ਨਿਭਾਈ ਕਿ ਨੀਲੇ ਰੰਗ ਦੀ ਗੋਲੀ ਨਹੀਂ ਲੈਣੀ, ਕੈਪਸੂਲ ਨਹੀਂ ਖਾਣਾ। ਸੁਲੱਖਣ ਸਿੰਘ ਨੇ ਦੱਸਿਆ ਕਿ ਇੱਕ ਵੇਰ 2016 'ਚ ਤਨਜ਼ਾਨੀਆ ਕਮਲਪ੍ਰੀਤ ਕੌਰ ਪਾਸ ਜਾਣਾ ਸੀ। ਯੈਲੋਫੀਵਰ ਦਾ ਇੰਜੈਕਸ਼ਨ ਨਹੀਂ ਸਨ ਲਵਾ ਰਹੇ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੋਂ ਪੁੱਛ ਕੇ ਆਗਿਆ ਮਿਲਨ ਤੇ ਹੀ ਲਵਾਇਆ। ਸਾਲ ਕੁ ਪਹਿਲੋਂ ਦੰਦਾਂ ਦੀ ਤਕਲੀਫ਼ ਸੀ, ਮੰਨਦੇ ਨਹੀਂ ਸਨ, ਪਰ ਫਿਰ ਵੀ ਅਸੀਂ ਡਾਕਟਰ ਪਾਸ ਲੈ ਗਏ। ਸੂਬਾ ਜੀ ਨੇ ਉਸ ਡਾਕਟਰ ਨੂੰ ਪੁੱਛਿਆ ਕਿ ਤੁਸੀਂ ਮਾਸ, ਸ਼ਰਾਬ, ਆਂਡੇ ਵਗੈਰਾ ਖਾ ਲੈਂਦੇ ਹੋ ਕਿ ਨਹੀਂ। ਉਸ ਕਿਹਾ ਮਾਸ ਸ਼ਰਾਬ ਤੇ ਨਹੀਂ, ਆਂਡੇ ਖਾ ਲੈਂਦੀ ਹਾਂ। ਸੂਬਾ ਜੀ ਅੜ੍ਹ ਗਏ ਉਸ ਨੂੰ ਮੂੰਹ 'ਚ ਹੱਥ ਨਹੀਂ ਲੌਣ ਦਿੱਤਾ, ਵਾਪਸ ਘਰ ਆ ਗਏ। ਢਾਈ ਕੁ ਸਾਲ ਪਹਿਲੋਂ ਕਰੀਬ 2017 'ਚ ਜਦੋਂ ਰਮੇਸ਼ ਨਗਰ ਧਰਮਸਾਲਾ ਬੈਠਿਆਂ ਬਰੇਨ ਹੈਮਰੇਜ਼ ਦਾ ਅਟੈਕ ਹੋ ਗਿਆ। ਉਥੋਂ ਹਸਪਤਾਲ ਲੈ ਗਏ। ਪੂਰੀ ਹੋਸ਼ ਵੀ ਨਹੀਂ ਸੀ ਪਰ ਪੱਗ ਤੇ ਕਛਹਿਰਾ ਰੱਖਣ ਵਾਸਤੇ ਆਖਣ ਲੱਗੇ। ਹਸਪਤਾਲ ਚੋਂ ਨਾ ਖਾਣਾ ਖਾਣ, ਨਾ ਹੀ ਪਾਣੀ ਪੀਣ, ਡਾਕਟਰਾਂ ਨੂੰ ਆਗਿਆ ਦੇਣੀ ਪਈ। ਹਰਪਾਲ ਸਿੰਘ ਸੋਧੀ ਦਾ ਭਰਾ ਨਵਨੀਤ ਸਿੰਘ ਸੋਧ ਦਾ ਪ੍ਰਸ਼ਾਦਾ ਤਿਆਰ ਕਰਵਾ ਕੇ ਲੈ ਜਾਂਦਾ ਤਾਂ ਉਹ ਛਕਦੇ। ਨਿਸ਼ਾਨ ਸਿੰਘ ਦੱਸਦੇ ਹਨ ਕਿ ਸੁਲੱਖਣ ਨੂੰ ਜੇ ਅਸੀਂ ਕਿਤੇ ਜਾਣ ਵਾਸਤੇ ਆਖਣਾ ਤਾਂ ਉਸ ਨੇ ਕਹਿਣਾ ਪਿਤਾ ਜੀ ਨੂੰ ਛੱਡ ਕੇ ਕਿਤੇ ਨਹੀਂ ਜਾ ਸਕਦਾ। ਆਪਣੀ ਕਿਰਿਆ ਆਪ ਨਹੀਂ ਸਨ ਸਾਧ ਸਕਦੇ। ਜੇ ਚਾਰ ਪੰਜ ਵਾਰ ਵੀ ਦਿਨ 'ਚ ਜੰਗਲ ਪਾਣੀ ਜਾਣਾ ਤਾਂ ਓਨੀ ਵੇਰ ਹੀ ਸੁਲੱਖਣ ਨੇ ਇਸ਼ਨਾਨ ਕਰਵਾਉਣਾ।

ਸੂਬਾ ਜੀ ਨੂੰ ਪਰਚਾਰ ਦਾ ਏਨਾਂ ਸ਼ੌਂਕ ਸੀ ਕਿ ਲੇਖਕਾਂ, ਰਾਗੀਆਂ, ਪਰਚਾਰਕਾਂ, ਜਥੇਦਾਰਾਂ ਅਤੇ ਕਵੀਆਂ ਨੂੰ ਉਤਸਾਹਿਤ ਕਰਨਾ, ਮਾਇਕ ਸੇਵਾ ਸਹਾਇਤਾ ਵੀ ਕਰਨੀ। ਉਨ੍ਹਾਂ ਦੀਆਂ ਕਿਤਾਬਾਂ ਛਪਵਾਉਣ ਅਤੇ ਕੈਸਟਾਂ ਤਿਆਰ ਕਰਵਾਉਣ 'ਚ ਸੇਵਾ ਸਹਿਯੋਗ ਲਈ ਹਮੇਸ਼ਾਂ ਤਤਪਰ ਰਹਿਣਾ। ਸੰਨ 2000 ਤੋਂ ਬਾਅਦ ਸ੍ਰੀ ਭੈਣੀ ਸਾਹਿਬ ਮੇਲਿਆਂ ਹੋਲਿਆਂ ਤੇ R-Music ਵਾਲਿਆਂ ਦੀ ਵੀਡੀਓ ਰਿਕਾਰਡਿੰਗ ਵਾਲੀ ਟੀਮ ਭੇਜਣੀ ਅਤੇ ਵੱਡੀਆਂ ਸਕਰੀਨਾਂ ਲਵਾਉਣੀਆਂ ਵੀ ਸੂਬਾ ਜੀ ਨੇ ਹੀ ਸ਼ੁਰੂ ਕੀਤੀਆਂ।

ਸੂਬਾ ਜੀ ਵਾਸਤੇ ਦੁਨਿਆਵੀ ਰਿਸ਼ਤਿਆਂ ਨਾਲੋਂ ਸਿੱਖੀ ਦੇ ਰਿਸ਼ਤੇ ਜ਼ਿਆਦਾ ਮਹੱਤਵਪੂਰਨ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਜੇ ਗੁਰਸਿੱਖ ਸੂਬਾ ਜੀ ਲਈ ਸਭ ਤੋਂ ਵੱਧ ਸਤਿਕਾਰ ਦੇ ਪਾਤਰ ਹੁੰਦੇ ਸਨ। ਇਨ੍ਹਾਂ ਵਿੱਚ ਹਜ਼ੂਰੀ ਸਕੱਤਰ ਸੰਤ ਤਰਸੇਮ ਸਿੰਘ ਜੀ, ਸੰਤ ਮਹਿੰਦਰ ਸਿੰਘ ਜੀ ਪੂਰਬਾ, ਸੂਬਾ ਰੇਸ਼ਮ ਸਿੰਘ ਜੀ, ਸੰਤ ਹਰਭਜਨ ਸਿੰਘ ਜੀ (ਔਰੰਗਾਬਾਦ), ਸੰਤ ਮਹਿੰਦਰ ਸਿੰਘ ਜੀ ਅਤੇ ਸੰਤ ਰਮਣੀਕ ਸਿੰਘ ਜੀ ਆਦਿ ਵਰਨਣਯੋਗ ਹਨ। ਸੰਤ ਰਮਣੀਕ ਸਿੰਘ ਜੀ ਕਹਿੰਦੇ ਹਨ ਕਿ ਮੇਰੀ ਪੂਰੀ ਜਿੰਦਗੀ ਦੇ ਸਭ ਤੋਂ ਪਿਆਰੇ ਦੋ ਮਿੱਤਰਾਂ ਵਿੱਚੋਂ ਇੱਕ ਹਨ– ਸੂਬਾ ਸੁਖਦੇਵ ਸਿੰਘ ਜੀ ਜਿਨ੍ਹਾਂ ਨੇ ਹਰ ਔਖੇ-ਸੌਖੇ ਦੌਰ ਵਿੱਚ ਸਕਿਆਂ ਨਾਲੋਂ ਵੱਧ ਸਾਥ ਨਿਭਾਇਆ ਹੈ। ਸੂਬਾ ਜੀ ਨੂੰ ਮੈਂ ਕਦੇ ਗੁੱਸੇ ਵਿੱਚ ਜਾਂ ਪਰੇਸ਼ਾਨੀ ਵਿੱਚ ਨਹੀਂ ਵੇਖਿਆ। ਮੇਲਿਆਂ-ਹੋਲਿਆਂ ਅਤੇ ਪੰਥਕ ਕੰਮਾਂ ਲਈ ਉਗਰਾਹੀ ਕਰਨੀ। ਜਦੋਂ ਮਿਲਨਾ ਹਮੇਸ਼ਾਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਬਚਨ ਸੁਣਾਉਣੇ। ਉਨ੍ਹਾਂ ਨੂੰ ਕਦੇ ਕਿਸੇ ਦੀ ਨੁਕਤਾਚੀਨੀ ਕਰਦਿਆਂ ਨਹੀਂ ਸੁਣਿਆ। ਘਰਵਾਲੀ ਬੀਬੀ ਦੇ ਝੜਾਈ ਕਰਨ ਤੇ ਬੱਚਿਆਂ ਨੂੰ ਮਾਂ ਵਾਲਾ ਪਿਆਰ ਵੀ ਦਿੱਤਾ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਸਾਜੇ ਗੁਰਸਿੱਖੀ ਗੁਲਦਸਤੇ ਦੇ ਬੜੇ ਪਿਆਰੇ ਫੁੱਲ ਸਨ– ਸੂਬਾ ਸੁਖਦੇਵ ਸਿੰਘ ਜੀ।

ਸੂਬਾ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਖਜਾਨਚੀ ਵੀ ਸਨ। ਗ੍ਰੀਬ ਨਿਵਾਜ ਜੀ ਮਾਇਆ ਸੂਬਾ ਜੀ ਪਾਸ ਭੇਜ ਦੇਂਦੇ, ਫੇਰ ਹੁਕਮ ਕਰਕੇ ਕਿਸੇ ਰਾਗੀ, ਲੇਖਕ ਜਾਂ ਕਿਸੇ ਲੋੜਵੰਦ ਦੀ ਮਦਦ ਕਰਨੀ ਹੁੰਦੀ ਤਾਂ ਹੁਕਮ ਕਰ ਦੇਂਦੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੇ ਇਤਿਹਾਸਕ ਸ੍ਰੋਤ ਵੀ ਸਨ ਸੂਬਾ ਜੀ, ਜਿਨ੍ਹਾਂ ਰਾਹੀਂ ਕਿਸ-ਕਿਸ ਕੰਮ ਵਾਸਤੇ ਸਤਿਗੁਰੂ ਜੀ ਨੇ ਕਿਸ ਕਿਸ ਦੀ ਸਹਾਇਤਾ ਕੀਤੀ। ਸੂਬਾ ਜੀ ਦਸਦੇ ਸਨ ਕਿ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਠਾਕੁਰ ਦਲੀਪ ਸਿੰਘ ਨੂੰ ਵੀ ਕਈ ਵੇਰ ਮੇਰੇ ਰਾਹੀਂ ਮਾਇਆ ਜਾਂਦੀ ਰਹੀ। ਸੂਬਾ ਜੀ ਨੇ ਇਹ ਵੀ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਇੱਕ ਵੇਰ ਬਚਨ ਕੀਤਾ:

"ਛੋਟਾ ਕਾਕਾ (ਵਰਤਮਾਨ ਸਤਿਗੁਰੂ ਉਦੇ ਸਿੰਘ ਜੀ) ਸੰਗਤ ਦਾ ਬਹੁਤ ਖਿਆਲ ਰੱਖਦਾ ਹੈ। ਸੀਜਨ ਦੇ ਦਿਨਾਂ ਵਿੱਚ ਉਚੇਚਾ ਬੰਗਲੌਰ ਤੋਂ ਸੰਗਤ ਵਾਸਤੇ ਅੰਬ ਭੇਜਦਾ ਹੈ। ਹੋਰ ਵੀ ਕੋਈ ਸੇਵਾ ਵਾਸਤੇ ਕਹੀਏ ਤਾਂ ਖੁਸ਼ੀ-ਖੁਸ਼ੀ ਸੇਵਾ ਕਰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਉਪਰੰਤ ਸੂਬਾ ਜੀ ਨੇ ਸਤਿਗੁਰੂ ਉਦੇ ਸਿੰਘ ਜੀ ਨੂੰ ਵੀ ਉਸੇ ਤਰ੍ਹਾਂ ਸ਼ਰਧਾ ਭਾਵਨਾ ਨਾਲ ਮੰਨਿਆ।

ਸੂਬਾ ਜੀ ਦੇ ਦੋਵੇਂ ਬੱਚਿਆਂ ਦੇ ਅਨੰਦ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਜ਼ਾ ਨਾਲ ਕੀਤੇ। ਮਾਤਾ-ਪਿਤਾ ਨੇ ਅਤੇ ਬੱਚਿਆਂ ਨੇ ਪੁੱਛਿਆ ਤੱਕ ਨਹੀਂ ਕਿ ਰਿਸ਼ਤਾ ਕਿੱਥੇ ਕੀਤਾ ਹੈ। 'ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ।' ਦੀ ਭਾਵਨਾ ਅਨੁਸਾਰ ਹਮੇਸ਼ਾਂ ਸਤਿ ਬਚਨ ਹੀ ਕੀਤਾ।

ਸੂਬਾ ਜੀ ਆਪ ਪਦਾਰਥ ਬਣਾ ਕੇ ਸੱਚੇ ਪਾਤਸ਼ਾਹ ਜੀ ਵਾਸਤੇ ਲੈ ਕੇ ਜਾਂਦੇ। ਗ੍ਰੀਬ ਨਿਵਾਜ ਜੀ ਪ੍ਰਵਾਨ ਕਰਦੇ, ਖੁਸ਼ੀਆਂ ਬਖਸ਼ਦੇ। ਇੱਕ ਵੇਰ ਸਰਦੀਆਂ ਦੇ ਦਿਨਾਂ ਵਿੱਚ ਪੰਜ ਛੇ ਸਵੈਟਰ, ਕੋਟੀਆਂ ਜਾ ਭੇਟ ਕੀਤੇ। ਗ੍ਰੀਬ ਨਿਵਾਜ ਜੀ ਹੁਕਮ ਕੀਤਾ ਲਿਆਓ ਸੂਬਾ ਜੀ ਤੁਸੀਂ ਆਪ ਹੀ ਪਵਾ ਦਿਉ। ਹੇਠ ਉੱਤੇ ਸਾਰੇ ਸਵੈਟਰ ਪਾ ਕੇ ਬਚਨ ਕੀਤਾ: "ਸੂਬਾ ਜੀ ਹੁਣ ਮੈਂ ਤੁਹਾਡੇ ਵਰਗਾ ਮੋਟਾ ਹੋ ਗਿਆ ਲੱਗਦਾ ਹਾਂ।" ਇਸ ਤਰ੍ਹਾਂ ਦੇ ਲਾਡ ਵੀ ਲਡਾਉਂਦੇ ਸਨ ਗ੍ਰੀਬ ਨਿਵਾਜ ਜੀ ਆਪਣੇ ਪਿਆਰੇ ਸਿੱਖ ਨੂੰ।

ਸੁਲੱਖਣ ਸਿੰਘ ਨੇ ਦੱਸਿਆ ਦੋ ਕੁ ਮਹੀਨੇ ਪਹਿਲੋਂ ਇੱਕ ਦਿਨ ਜੋਰ ਨਾਲ ਆਵਾਜ ਮਾਰੀ 'ਸੁਰਿੰਦਰ ਉਰੇ ਆ।' (ਸੂਬਾ ਜੀ ਦੀ ਨੂੰਹ) ਸੁਰਿੰਦਰ ਭੱਜ ਕੇ ਗਈ, ਕਹਿਣ ਲੱਗੀ ਹਾਂ ਪਿਤਾ ਜੀ ਕੀ ਲੋੜ ਹੈ। ਸੂਬਾ ਜੀ ਨੇ ਕਿਹਾ 'ਤੂੰ ਮੇਰੀ ਧੀ ਹੈਂ, ਤੈਨੂੰ ਦੱਸਦਾ ਹਾਂ ਪਰ ਤੂੰ ਅਜੇ ਸੁਲੱਖਣ ਅਤੇ ਕਮਲ ਨੂੰ ਨਾ ਦੱਸੀਂ, ਉਹ ਪ੍ਰੇਸ਼ਾਨ ਹੋਣਗੇ। ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋਏ ਹਨ। ਗ੍ਰੀਬ ਨਿਵਾਜ ਨੇ ਬੜਾ ਪਿਆਰ ਕੀਤਾ, ਮੈਨੂੰ ਜੱਫੀ 'ਚ ਲੈ ਲਿਆ। ਮੈਂ ਅਰਜ਼ ਕੀਤੀ: "ਪਾਤਸ਼ਾਹ ਜੀ ਹੁਣ ਸਰੀਰ ਸਾਥ ਨਹੀਂ ਦੇਂਦਾ, ਸੋਧ ਨਿਭਾਉਣੀ ਬੜੀ ਮੁਸ਼ਕਲ ਹੈ, ਕਿਰਪਾ ਕਰੋ ਹੁਣ ਆਪਣੇ ਚਰਨਾਂ ਵਿੱਚ ਲੈ ਜਾਉ।" ਪਾਤਸ਼ਾਹ ਜੀ ਪ੍ਰਵਾਨਗੀ ਦੇ ਦਿੱਤੀ ਹੈ। ਮੈਂ ਹੁਣ ਚਲੇ ਜਾਣਾ ਹੈ। ਪਾਤਸ਼ਾਹ ਜੀ ਦੇ ਚਰਨਾਂ ਵਿੱਚ ਹੀ ਜਾਣਾ ਹੈ। ਮੇਰੇ ਝੜਾਈ ਕਰਨ ਤੋਂ ਬਾਅਦ ਦੱਸੀਂ ਸੁਲੱਖਣ ਹੁਰਾਂ ਨੂੰ। ਤੁਸੀਂ ਦੋਹਾਂ ਮੇਰੀ ਬਹੁਤ ਸੇਵਾ ਕੀਤੀ ਹੈ। ਮੈਂ ਬਹੁਤ ਖੁਸ਼ ਹਾਂ। ਸੱਚੇ ਪਾਤਸ਼ਾਹ ਤੁਹਾਨੂੰ ਸੁਖ ਬਖਸ਼ਣ ਅਤੇ ਆਪਣੇ ਚਰਨਾਂ ਤੇ ਸਿਦਕ ਭਰੋਸਾ ਬਖਸ਼ਣ।

ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਸਤਿਗੁਰੂ ਬਿਲਾਸ ਵਿੱਚ ਸਤਿਗੁਰੂ ਸੋਭਾ ਕਰਦਿਆਂ ਲਿਖਦੇ ਹਨ-

ਵਾਲੀ ਮਾਲੀ ਬਾਗ ਕੇ ਪੰਥ ਗੁਲਾਬ ਰਵੇਲ॥

ਸਤਿਗੁਰੂ, ਸਿੱਖੀ ਬਾਗ ਦੇ ਵਾਲੀ ਹਨ, ਸਿਰਜਨਹਾਰ ਹਨ ਅਤੇ ਉਸ ਦੀ ਸੰਭਾਲ ਕਰਨ ਵਾਲੇ ਮਾਲੀ ਵੀ ਆਪ ਹੀ ਹਨ ਅਤੇ ਪੰਥ ਸਤਿਗੁਰਾਂ ਦਾ ਗੁਲਾਬ ਦੇ ਸਮਾਨ ਹੈ, ਜਿਸ ਵਿੱਚ ਸੁਗੰਧੀ ਹੈ, ਸੁੰਦਰਤਾ ਹੈ ਅਤੇ ਔਸ਼ਧੀ ਗੁਣ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਜੇ-ਨਿਵਾਜੇ ਸਿੱਖੀ ਬਗੀਚੇ 'ਚ ਮਹਿਕਾਂ ਭਰੇ ਬੇਸ਼ਕੀਮਤੀ ਫੁੱਲ ਸਨ-ਸੂਬਾ ਸੁਖਦੇਵ ਸਿੰਘ ਜੀ।

ਜਿਵੇਂ ਭਗਤ ਕਬੀਰ ਜੀ ਰਾਗ ਬਿਲਾਵਲ ਵਿੱਚ ਲਿਖਦੇ ਹਨ:

ਜੈਦੇਉ, ਨਾਮਾ ਬਿਪ ਸੁਦਾਮਾ
ਤਿਨ ਕਉ ਕ੍ਰਿਪਾ ਭਈ ਹੈ ਅਪਾਰ॥

ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਦੇ ਪਾਤਰ ਅਜੇਹੇ ਗੁਰਸਿੱਖਾਂ ਬਾਰੇ ਹੀ ਸਾਹਿਬ ਗੁਰੂ ਅਮਰਦਾਸ ਜੀ ਲਿਖਦੇ ਹਨ:

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥

**ਸੰਪ:94176-01321**
**ਸ੍ਰੀ ਭੈਣੀ ਸਾਹਿਬ**

# ਹੁਕਮੈ ਬੂਝਿ ਸਮਾਵਹਿਗੇ - ਸੂਬਾ ਸੁਖਦੇਵ ਸਿੰਘ ਜੀ 'ਦਿੱਲੀ'

**- ਜਥੇਦਾਰ ਨਿਸ਼ਾਨ ਸਿੰਘ 'ਦਿੱਲੀ'**

ਸੇਵਾ ਸਿਮਰਨ 'ਚ ਲੀਨ, ਸੋਧ ਮਰਿਯਾਦਾ ਦੇ ਧਾਰਣੀ, ਪ੍ਰਗਤੀਸ਼ੀਲ ਤੇ ਪਰਉਪਕਾਰੀ ਮਨੁੱਖ, ਪਰਮਾਰਥ ਤੇ ਪੁਰਸ਼ਾਰਥ ਦੀ ਸਿਖਰ ਨੂੰ ਛੂਹਣ ਵਾਲੇ, ਗੁਣੀ ਜਨਾਂ ਦੀ ਕਦਰ ਕਰਨ ਵਾਲੇ, ਨੌਜਵਾਨਾਂ ਨੂੰ ਸਦਾ ਸਿੱਖੀ ਪ੍ਰਤੀ ਪ੍ਰੇਰਿਤ ਕਰਨ ਵਾਲੇ, ਗੁਰੂ ਨਾਲੋਂ ਦੂਰ ਹੋ ਰਹੇ ਦਾ ਮਨ-ਮਿਟਾਵ ਖਤਮ ਕਰ ਫਿਰ ਗੁਰਸਿੱਖ ਬਣਾਉਣ ਵਾਲੇ- ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪ੍ਰਤੀਤਵਾਨ ਪ੍ਰੀਤਵਾਨ ਹਰਦਿਲ ਅਜ਼ੀਮ ਸਿੱਖ ਸੂਬਾ ਸੁਖਦੇਵ ਸਿੰਘ ਜੀ 7 ਸਤੰਬਰ 2020 ਨੂੰ ਸੰਸਾਰ ਤੋਂ ਪਿਆਨਾ ਕਰ ਗਏ।

ਸੂਬਾ ਜੀ ਨੇ ਆਪਣੇ ਮਾਤਾ-ਪਿਤਾ ਦੁਆਰਾ ਰੱਖੇ ਨਾਮ ਨੂੰ ਸਾਰਥਕ ਕੀਤਾ। ਸੁਖਦੇਵ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਸੁਖ ਅਤੇ ਦੇਵ। ਸੁਖਦੇਵ ਦਾ ਸਮੁੱਚਾ ਭਾਵ ਹੈ "ਐਸਾ ਦੇਵਤਾ ਪੁਰਸ਼ ਜੋ ਸੰਤੋਖੀ ਹੋਣ ਕਰਕੇ ਆਪ ਸੁਖੀ ਹੈ ਤੇ ਦੂਜਿਆਂ ਨੂੰ ਵੀ ਸੁੱਖ ਪ੍ਰਦਾਨ ਕਰਨ ਦੀ ਇੱਛਾ ਰੱਖਦਾ ਹੈ"।

ਕਲਗੀਧਰ ਪਾਤਸ਼ਾਹ ਅਨੁਸਾਰ ਪਰਮਾਤਮਾ, "ਪ੍ਰੇਮ" ਸਰੂਪ ਹੋ ਸਮੁੱਚੇ ਬ੍ਰਹਿਮੰਡ ਅੰਦਰ ਸਮਾਇਆ ਹੋਇਆ ਹੈ। "ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ " ਇਸ ਕਰਕੇ ਦਸਮ ਪਿਤਾ "ਉਸਦੀ" ਪ੍ਰਾਪਤੀ ਦਾ ਸਾਧਨ ਵੀ ਪ੍ਰੇਮ ਨੂੰ ਹੀ ਮੰਨਦੇ ਹਨ। "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ " ਪਰਮਾਤਮਾ ਦੀ ਬਣਾਈ ਖਲਕਤ ਨਾਲ ਪ੍ਰੇਮ ਕਰਨਾ ਹੀ "ਉਸ" ਨਾਲ ਪ੍ਰੇਮ ਕਰਨਾ ਹੈ। ਸੂਬਾ ਜੀ ਪ੍ਰੇਮ ਦੇ ਸਾਖਿਆਤਕਾਰ ਸਨ। ਨਾਮਧਾਰੀ ਪੰਥ ਦਾ ਕੋਈ ਵੀ ਰਾਗੀ, ਪਾਠੀ, ਕਥਾਵਾਚਕ, ਜਥੇਦਾਰ, ਲਾਂਗਰੀ, ਪ੍ਰਬੰਧਕ ਜਾਂ ਦਿੱਲੀ ਦਾ ਕੋਈ ਵੀ ਬੱਚਾ, ਨੌਜਵਾਨ, ਬਜ਼ੁਰਗ ਐਸਾ ਨਹੀਂ ਹੋਵੇਗਾ ਜੋ ਸੂਬਾ ਜੀ ਦੇ ਪਿਆਰ-ਕਲਾਵੇ ਤੋਂ ਬਾਹਰ ਹੋਵੇ। ਨਾਮਧਾਰੀ ਪੰਥ ਤੋਂ ਬਾਹਰ ਵੀ ਉਹਨਾਂ ਕਈਆਂ ਨੂੰ ਆਪਣੀ ਇਸ ਪ੍ਰੇਮ-ਡੋਰ 'ਚ ਪਰੋਇਆ ਹੋਇਆ ਸੀ। ਇਥੋਂ ਤੱਕ ਕਿ ਪੰਥ-ਵਿਰੋਧੀ ਚਿਹਰੇ ਵੀ ਸੂਬਾ ਜੀ ਦੇ ਹਿਤਕਾਰੀ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਬਾਅਦ ਨਾਮਧਾਰੀ ਪੰਥ ਅੰਦਰ ਸਥਿਤੀ ਕੁਝ ਤਨਾਅ ਪੂਰਵਕ ਬਣੀ ਹੋਈ ਸੀ। ਇਕ ਦਿਨ ਮੇਰਾ ਹੀ ਦੀਵਾਨ ਲੱਗਾ ਹੋਇਆ ਸੀ। ਦੀਵਾਨ ਵਿਚ ਦੋ ਚਾਰ ਐਸੇ ਸਰੀਰ ਆ ਗਏ ਜਿਹੜੇ ਸਤਿਗੁਰੂ ਉਦੇ ਸਿੰਘ ਜੀ ਨੂੰ ਗੁਰੂ ਨਹੀਂ ਸਨ ਮੰਨਦੇ। ਮੈਂ ਵੀ ਉਹਨਾਂ ਨੂੰ ਵੇਖ ਤਲਖੀ ਖਾ ਗਿਆ। ਗੁਰਬਾਣੀ ਵਿਚੋਂ, ਗੁਰੂ ਨਿੰਦਕ ਤੇ ਪੰਥ ਵਿਰੋਧੀ ਮਨੁੱਖਾਂ ਲਈ ਆਏ ਕੁਝ ਪ੍ਰਮਾਣ ਦੇਕੇ ਮੈਂ ਥੋੜ੍ਹੇ ਕਰੜੇ ਬੋਲ ਬੋਲ ਦਿਤੇ। ਸੂਬਾ ਜੀ ਨੇ ਦੀਵਾਨ ਤੋਂ ਬਾਦ ਮੈਨੂੰ ਬੁਲਾਇਆ,ਕੋਲ ਬਿਠਾ ਕੇ ਬੜੇ ਪਿਆਰ ਨਾਲ ਆਖਣ ਲਗੇ ਕਿ "ਆਸਾ ਦੀ ਵਾਰ ਚ' ਤੂੰ ਪੜਦਾ ਹੀ ਏਂ "ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ। ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ"। ਭਾਵ ਜਿਸਨੂੰ ਗੁਰੂ ਦੀ ਮਰਜ਼ੀ ਹੋਵੇ,ਉਹ ਉਸਨੂੰ ਆਪਣਾ ਬਣਾ ਲੈਂਦਾ ਏ,ਤੇ ਜੇ ਉਸਦੀ ਮਰਜ਼ੀ ਨਾ ਹੋਵੇ ਤਾਂ ਉਹ ਭੁਲਾ ਵੀ ਦਿੰਦਾ ਏ। ਅਸਲ ਵਿਚ ਇਹ ਖੇਡ ਸਾਰੀ ਗੁਰੂ ਦੀ ਆਪਣੀ ਏ। ਫਿਰ ਸਾਨੂੰ ਔਖੇ ਹੋਣ ਦੀ ਲੋੜ ਈ ਨਹੀਂ। ਅਸੀਂ ਤੇ ਸਗੋਂ, ਗੁਰੂ ਚਰਨਾਂ ਨਾਲ ਜੁੜਨ ਲਈ ਪ੍ਰੇਰਣਾ ਦੇਣੀ ਏ ਸਭਨੂੰ, ਤੇ ਪ੍ਰੇਰਿਆ ਪਿਆਰ ਨਾਲ ਹੀ ਜਾ ਸਕਦੈ। ਜੇ ਅਸੀਂ, ਆਏ ਨੂੰ ਏਦਾਂ ਹੀ ਕੌੜਾ ਬੋਲਾਂਗੇ ਫਿਰ ਉਹ ਕਦੇ ਵੀ ਸਾਡੇ ਨਾਲ ਨਹੀਂ ਜੁੜੇਗਾ। ਇਹ ਸਾਰੇ ਸਾਡੇ ਹੀ ਭੈਣ ਭਰਾ ਨੇ। ਸਾਡਾ ਫਰਜ਼ ਤੇ ਇਹ ਹੈ ਕਿ ਅਸੀਂ ਇਹਨਾਂ ਨੂੰ ਪਿਆਰ ਨਾਲ ਸਮਝਾਈਏ ਜਾਂ ਅਰਦਾਸ ਕਰੀਏ, ਕਿ ਸਤਿਗੁਰੂ ਉਦੇ ਸਿੰਘ ਜੀ ਕਿਰਪਾ ਕਰਨ ਇਹਨਾਂ ਸਾਰਿਆਂ ਨੂੰ ਸੁਮਤਿ ਬਖਸ਼ਣ ਤੇ ਏਹਨਾਂ ਦੇ ਮਨ ਠੀਕ ਹੋਣ"। ਅਸਲ ਵਿਚ ਸੂਬਾ ਜੀ ਦੀ ਆਪਣੀ ਮਨੋ-ਬਿਰਤੀ ਐਸੀ ਬਣ ਗਈ ਸੀ-

ਬਿਸਰਿ ਗਈ ਸਭ ਤਾਤਿ ਪਰਾਈ ।  
ਜਬ ਤੇ ਸਾਧਸੰਗਤਿ ਮੋਹਿ ਪਾਈ॥  
ਨਾ ਕੋ ਬੈਰੀ ਨਹੀ ਬਿਗਾਨਾ  
ਸਗਲ ਸੰਗਿ ਹਮ ਕਉ ਬਨਿ ਆਈ॥

ਉਹ ਸਾਰਿਆਂ ਨੂੰ ਹੀ ਆਪਣਾ ਸਮਝਦੇ ਸਨ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ"॥

ਸੂਬਾ ਜੀ ਦਾ ਜਨਮ 31-07-1953 ਨੂੰ ਮਾਤਾ ਹਰਬੰਸ ਕੌਰ ਤੇ ਪਿਤਾ ਸੰਤ ਬਲਵੰਤ ਸਿੰਘ ਦੇ ਘਰ ਹੋਇਆ। ਮਾਤ-ਪਿਤਾ ਦੋਨੋਂ ਹੀ ਸੋਧੀ ਸਨ।ਬੇਸ਼ਕ ਘਰ ਦਾ ਮਾਹੌਲ ਸਤਸੰਗੀ ਸੀ ਪਰ ਚੜ੍ਹਦੀ ਜਵਾਨੀ ਚ' ਕਾਲਜ ਪੜ੍ਹਣ ਜਾਣ ਸਮੇਂ ਦਸਤਾਰ ਤੇ ਪਹਿਰਾਵਾ ਗੁਰਮੁਖੀ ਨਾ ਰਿਹਾ।ਪਰ ਜਿਹੜੇ ਸਿਖੀ-ਸੰਸਕਾਰਾਂ ਦੇ ਬੀਜ ਬਚਪਨ ਚ' ਮਾਤਾ-ਪਿਤਾ ਵਲੋਂ ਬੀਜੇ ਗਏ ਸਨ ਉਹ ਸਮੇਂ ਨਾਲ ਪੁੰਗਰ ਹੀ ਪਏ।

ਸਤਿਗੁਰੂ ਦੀ ਨਜ਼ਰ ਸਵੱਲੀ ਹੋਈ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਪਹਿਲਾ ਹੁਕਮ ਹੋਇਆ "ਸੁਖਦੇਵ ਦਸਤਾਰ ਸਫੈਦ ਤੇ ਸਿਧੀ ਕਰ" ਉਸੇ ਵੇਲੇ ਕਰ ਲਈ। ਫਿਰ ਹੁਕਮ ਹੋਇਆ "ਪਹਿਰਾਵਾ ਨਾਮਧਾਰੀ-ਅਕੀਦੇ ਅਨੁਸਾਰ ਹੋਵੇ" ਉਥੇ ਵੀ ਸੱਤ ਬਚਨ ਆਖਿਆ। ਫਿਰ ਹੁਕਮ ਹੋਇਆ "ਹੁਣ ਭਜਨ ਵੀ ਕਰਿਆ ਕਰ...ਅੱਧਾ ਘੰਟਾ...1 ਘੰਟਾ....ਹੁਣ ਜਪੁਜੀ ਸਾਹਿਬ ਵੀ ਪੜ੍ਹਿਆ ਕਰ....ਹੁਣ ਪੰਜ ਬਾਣੀਆਂ ਪੜ੍ਹਿਆ ਕਰ"। ਨੌਜਵਾਨ ਸੁਖਦੇਵ ਸਿੰਘ ਨੇ ਗੁਰੂ ਰਸਨਾ ਚੋ' ਨਿਕਲੇ ਹਰ ਫੁਰਮਾਨ ਨੂੰ ਸੁਣ, ਉਸੇ ਵੇਲੇ ਮੰਨਣਾ ਕੀਤਾ। ਮੰਨਣ ਵਾਲਿਆਂ ਬਾਰੇ ਗੁਰਬਾਣੀ ਦਾ ਫੈਸਲਾ ਹੈ "ਮੰਨੇ ਕੀ ਗਤਿ ਕਹੀ ਨ ਜਾਇ"। ਸਤਿਗੁਰੂ ਰੂਪੀ ਸ਼ਿਲਪਕਾਰ, ਇਸ ਅਣਘੜਤ ਪੱਥਰ ਨੂੰ ਆਪਣੀ ਮਰਜ਼ੀ ਅਨੁਸਾਰ ਹੌਲੀ-ਹੌਲੀ - ਪੋਲੀ ਪੋਲੀ ਸੱਟਾਂ ਮਾਰਕੇ, ਇਕ ਐਸੀ ਸੁੰਦਰ ਮੂਰਤ ਦਾ ਰੂਪ ਦੇਣਾ ਚਾਹੁੰਦੇ ਸਨ ਜੋ ਜਗਤ ਵਿਚ ਸੋਭਾ ਪਾਵੇ।ਫਿਰ ਹੁਕਮ ਹੋਇਆ "ਸੁਖਦੇਵ ਮੇਰਾ ਜੀਅ ਕਰਦੈ ਤੂੰ ਸੋਧ ਰੱਖ"। ਸੇਵਕ ਨੇ ਅਰਜ਼ ਗੁਜ਼ਾਰੀ, ਸੱਚੇ ਪਾਤਸ਼ਾਹ "ਫੁਰਮਾਨੁ ਤੇਰਾ ਸਿਰੈ ਉਪਰਿ ਫਿਰਿ ਕਰਤ ਨ ਬੀਚਾਰ"।ਪਰ ਮੇਰੀ ਇਹ ਬੇਨਤੀ ਹੈ ਕਿ "ਮੇਰੇ ਕੋਲ ਤਾਕਤ ਨਹੀਂ ਕਿ ਮੈਂ ਸੋਧ ਰੱਖ ਸਕਾਂ।" ਆਪ ਜੀ ਮਿਹਰਾਮਤ ਕਰਨੀ "ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ"। ਮੇਰਾ ਪਾਰ ਉਤਾਰਾ ਤੁਸੀਂ ਕਰਨਾ ਹੈ, ਜੇ ਅੱਜ ਹੁਕਮ ਕਰ ਕੇ ਰਖਵਾਉਣ ਲੱਗੇ ਹੋ, ਤਾਂ ਬਖਸ਼ਿਸ਼ ਰਖਿਓ ਇਹ ਹੁਣ ਆਖਰੀ ਸਵਾਸਾਂ ਤੱਕ ਨਿਭ ਜਰੂਰ ਜਾਏ"। ਇਹ ਗੱਲ 1982-93 ਦੀ ਹੈ। ਸੱਚ ਹੈ, ਗਰਪ੍ਰਸਾਦ ਸਦਕਾ ਇਸ ਹੁਕਮ ਨੂੰ ਆਖਿਰੀ ਦਮ ਤੱਕ ਨਿਭਾ ਕੇ ਗਏ। ਗੁਰੂ ਦੇ ਆਗਿਆਕਾਰ ਹੋਣ ਸਦਕਾ ਹੀ ਸਤਿਗੁਰੂ ਜੀ ਨੇ 1992 'ਚ ਨਾਮਧਾਰੀ ਪੰਥ ਦੀ ਸਰਵ-ਉਚ "ਸੂਬਾ" ਪਦਵੀ ਨਾਲ ਨਿਵਾਜਿਆ। ਗੁਰਬਾਣੀ ਅਨੁਸਾਰ ਸਤਿਗੁਰੂ ਦਾ ਹੁਕਮ ਮੰਨਣ ਵਾਲਾ ਹੀ ਉਸਦੇ ਦਰ ਤੇ ਪਰਵਾਣ ਹੁੰਦਾ ਹੈ।"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ"। ਸੂਬਾ ਜੀ ਹੁਕਮ 'ਚ ਕਾਰ ਕਮਾਉਣ ਵਾਲੇ ਸੇਵਕ ਸਨ। "ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥"

2018 'ਚ ਅਚਾਨਕ ਗੁਰਦਵਾਰੇ ਬੈਠਿਆਂ ਅਟੈਕ ਆਇਆ। ਉਸੇ ਵੇਲੇ ਹਸਪਤਾਲ ਲਿਜਾਂਦਾ ਗਿਆ। ਬਰੇਨ ਹੈਮਰੇਜ ਹੋਣ ਕਰਕੇ ਇਕ ਪਾਸਾ ਹਿਲਜੁਲ ਕਰਨੋਂ ਹੱਟ ਗਿਆ ਸੀ। ਕਈਆਂ ਦੇ ਮਨ ਵਿਚ ਇਹ ਸੁਆਲ ਆਇਆ "ਕਿ ਏਨੇ ਭਲੇ ਪੁਰਸ਼ ਸੂਬਾ ਜੀ 'ਤੇ ਏਨਾ ਸਰੀਰਕ ਕਸ਼ਟ ਕਿਉਂ ਆਇਆ?"। ਪਰ ਅਧਿਆਤਮ ਮਾਰਗ ਵਿਚ ਇਹ ਸੋਚ ਗਲਤ ਹੈ। ਅਸਲ ਸੁਆਲ ਤੇ ਇਹ ਹੈ ਕਿ ਜੇ ਸੂਬਾ ਜੀ ਨੂੰ ਏਨਾ ਸਰੀਰਕ ਕਸ਼ਟ ਆਇਆ ਵੀ ਤੇ ਕੀ ਉਹਨਾਂ ਇਸ ਦੁੱਖ ਨੂੰ ਦੁੱਖ ਜਾਣਿਆ? ਜਾਂ ਨਹੀਂ। ਅਟੈਕ ਤੋਂ ਬਾਅਦ ਸੂਬਾ ਜੀ ਦਾ ਪ੍ਰਤੀਕਰਮ ਸਾਫ ਦਸਦਾ ਸੀ ਕਿ ਉਹ ਇਸਨੂੰ ਵੀ ਗੁਰੂ-ਰਜ਼ਾ ਮੰਨ ਕੇ ਸਦਾ ਅਨੰਦ ਵਿਚ ਸਨ। ਹਸਪਤਾਲ ਵਿਚ ਥੋੜ੍ਹੀ ਬੇਹੋਸ਼ੀ ਹੋਣ ਦੇ ਬਾਵਜੂਦ ਵੀ ਉਹਨਾਂ ਹਸਪਤਾਲ ਦਾ ਪਾਣੀ ਤੇ ਖਾਣਾ ਪਰਵਾਣ ਨਹੀਂ ਕੀਤਾ। ਡਾਕਟਰ ਖੂਹ ਦੇ ਜਲ ਲਈ ਮੰਨਦੇ ਨਹੀਂ ਸਨ। ਸੂਬਾ ਜੀ ਨੇ ਕਈ ਘੰਟੇ ਕੁਝ ਨਾ ਖਾਦਾ ਨਾ ਪੀਤਾ। ਅਖੀਰ ਸੂਬਾ ਜੀ ਦੇ ਅਡੋਲ ਤੇ ਅਡਿੱਗ ਸਿੱਖੀ ਜਜ਼ਬੇ ਅੱਗੇ ਡਾਕਟਰਾਂ ਨੂੰ ਝੁਕਣਾ ਹੀ ਪਿਆ। ਇੰਝ ਹਸਪਤਾਲ ਵਿਚ ਵੀ ਪਰਸ਼ਾਦਾ-ਪਾਣੀ ਸੋਧ ਦਾ ਹੀ ਬਣ ਕੇ ਜਾਂਦਾਂ ਰਿਹਾ। ਢਾਈ ਕੁ ਸਾਲ ਸਿਹਤ ਢਿੱਲੀ ਰਹੀ। ਫਿਰ ਵੀ ਅੰਮ੍ਰਿਤ ਵੇਲੇ ਉੱਠ, ਸਣੇ ਕੇਸੀਂ ਇਸ਼ਨਾਨ ਕਰ, ਨਾਮ ਸਿਮਰਨ ਤੇ ਬਾਣੀਆਂ ਦਾ ਪਾਠ ਜਰੂਰ ਕਰਦੇ, ਟੀ.ਵੀ. ਰਾਹੀਂ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਤੇ ਆਸਾ ਦੀ ਵਾਰ ਦਾ ਕੀਰਤਨ ਸੁਣ ਕੇ ਹੀ ਪਰਸ਼ਾਦਾ ਛੱਕਦੇ ਸਨ। ਸਿਮਰਨ ਹਰ ਸਮੇਂ ਚਲਦਾ ਰਹਿੰਦਾ। ਬੋਲਣ-ਚਾਲਣ, ਤੁਰਨ-ਫਿਰਨ ਦੀ ਸ਼ਕਤੀ ਬੇਸ਼ੱਕ ਛੀਣ ਹੋ ਚੁੱਕੀ ਸੀ ਪਰ ਗੁਰੂ ਹੁਕਮ ਨੂੰ ਅਜੇ ਵੀ ਦੜ੍ਰਿਤਾ ਨਾਲ ਨਿਭਾਇਆ ਜਾ ਰਿਹਾ ਸੀ। ਸੋਧ-ਮਰਿਯਾਦਾ ਕਾਇਮ ਸੀ। ਜੇ ਦਿਹਾੜੀ ਚ' ਪੰਜ-ਸੱਤ ਵਾਰੀ ਵੀ ਜੰਗਲ ਜਾਣਾ ਪਿਆ, ਤਾਂ ਵੀ ਇਸ਼ਨਾਨ ਜਰੂਰ ਕੀਤਾ। ਇਸ ਸਾਰੀ ਕਿਰਿਆ ਵਿਚ ਸੂਬਾ ਜੀ ਦੀ ਨੂੰਹ ਸੁਰਿੰਦਰ ਕੌਰ ਤੇ ਸਪੁੱਤਰ ਸੁਲੱਖਣ ਸਿੰਘ ਵੀ ਖਾਸ ਪ੍ਰਸੰਸਾ ਦੇ ਪਾਤਰ ਹਨ ਕਿਉਂ ਕੀ ਉਹਨਾਂ ਦੇ ਉੱਦਮ ਤੇ ਸੇਵਾ ਤੋਂ ਬਿਨਾਂ, ਸੂਬਾ ਜੀ ਇਕੱਲੇ ਇਹ ਨੇਮ ਨਹੀਂ ਸਨ ਨਿਭਾ ਸਕਦੇ।

ਸੂਬਾ ਜੀ ਨੇ ਪਰਮਾਰਥ ਦੇ ਨਾਲ ਪੁਰਸ਼ਾਰਥ ਨੂੰ ਵੀ ਸਮਤੁਲ ਕਮਾਇਆ। ਤਕਰੀਬਨ 1970 ਤੋਂ ਲੈ ਕੇ ਪਿਤਾ ਪੁਰਖੀ ਕਾਰੋਬਾਰ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। *Construction Machinery Manufacturer* ਦੇ ਤੌਰ ਤੇ ਇਕ ਵੱਡਾ ਨਾਮਣਾ ਖੱਟਿਆ। ਆਪਣੇ ਉੱਚ-ਆਚਰਣ ਤੇ ਸ਼ੁਧ ਵਿਹਾਰ ਕਰਕੇ ਕਾਰੋਬਾਰ ਖੇਤਰ ਵਿਚ ਵੀ ਸਤਿਕਾਰ ਯੋਗ ਥਾਂ ਹਾਸਿਲ ਕੀਤੀ। ਕਿਰਤ ਪ੍ਰਤੀ ਉਹਨਾਂ ਦਾ ਵਿਚਾਰ ਸੀ " ਪੈਸਾ ਕਮਾਉਣਾ ਏ ਤਾਂ ਧਰਮੀ ਬਣ ਕੇ ਕਮਾਓ। ਵਿਹਾਰ ਵਿਚ ਸਚਾਈ ਤੇ ਈਮਾਨਦਾਰੀ ਜਰੂਰ ਹੋਵੇ। ਝੂਠ ਬੋਲਕੇ ਜਾਂ ਧੋਖਾ ਕਰਕੇ ਕਮਾਇਆ ਹੋਇਆ ਧਨ ਕਦੀ ਵੀ ਸੁਖ ਨਹੀਂ ਦੇ ਸਕਦਾ"। ਮੈਨੂੰ (ਲੇਖਕ) ਯਾਦ ਹੈ ਅੱਜ ਵੀ ਮੇਰੇ ਇਕ ਸਵਾਲ ਦਾ ਜਵਾਬ ਦਿੰਦਿਆਂ ਉਹਨਾਂ ਆਖਿਆ ਸੀ "ਜਦੋਂ ਅਸੀਂ ਕਿਸੇ ਦਾ ਹੱਕ ਮਾਰ ਕੇ ਪੈਸੇ ਘਰ

ਲਿਆਉਂਦੇ ਹਾਂ। ਤਾਂ ਯਾਦ ਰੱਖਣਾ ਚਾਹੀਦਾ ਹੈ ਕਿ ਉਸ 'ਬਿਗਾਨੇ ਪੈਸੇ'' ਨਾਲ ਪਲੇ ਹੋਏ ਬੱਚੇ ਕਦੇ ਵੀ ਧਰਮੀ ਨਹੀਂ ਬਣ ਸਕਦੇ। ਪਰ ਅੱਜ ਬਹੁ ਗਿਣਤੀ ਦਾ ਹਾਲ ਇਹੀ ਬਣਿਆ ਹੋਇਆ ਹੈ''।

ਸੂਬਾ ਜੀ ਇਕ ''ਸੁਪ੍ਰੇਰਕ-ਪੁਰਸ਼'' ਸਨ। ਖਾਸ ਕਰਕੇ ਨੌਜਵਾਨਾਂ ਨੂੰ ਸਦਾ ਚੜ੍ਹਦੀ ਕਲਾ ਦੀ ਸਿੱਖੀ ਵੱਲ ਪ੍ਰੇਰਿਤ ਕਰਨਾ। ਕਿਸੇ ਨੂੰ ਆਖਣਾ ''ਜੇ ਕੰਮ ਤੇ ਕਪੜੇ ਕੰਮ ਵਾਲਿਆਂ ਦੀ ਮਰਜ਼ੀ ਦੇ ਪਾਉਂਦੇ ਹੋ ਤਾਂ ਘਰ ਆ ਕੇ ਗੁਰੂ-ਮਰਜ਼ੀ ਦੇ ਪਾਇਆ ਕਰੋ। ਬਾਜ਼ਾਰ ਦਾ ਭੋਜਨ ਨਾ ਖਾਇਆ ਕਰੋ''। ਕਿਸੇ ਨੂੰ ਆਖਣਾ ''ਚੱਲ ਤੂੰ ਘੱਟੋ ਘੱਟ ਹਫਤੇ 'ਚ ਇਕ ਦਿਨ ਹੀ ਸੋਧ ਰੱਖ ਲਿਆ ਕਰ। ਸੋਧ ਰੱਖਣ ਨਾਲ ਬੜੀ ਤਰੱਕੀ ਹੁੰਦੀ ਐ। ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਨੇ''। ਮੈਨੂੰ ਉਹਨਾਂ ਆਖਣਾ ''ਜਿਆਦਾ ਦੂਰ ਨਾ ਜਾ ਆਪਣੇ ਨੇੜੇ ਹੀ ਦੇਖ ਲੈ। ਸੰਤ ਬੂੜ ਸਿੰਘ ਜੀ ਸੋਧੀ ਹੁੰਦੇ ਸੀ, ਉਹਨਾਂ ਦੇ ਪੁਤਰ ਨੂੰ ਸਤਿਗੁਰੂ ਜੀ ਨੇ ਸ਼ਿਰੋਮਣੀ ਜਥੇਦਾਰ (ਸੇਵਾ ਸਿੰਘ ਜੀ) ਬਣਾ ਦਿੱਤਾ। ਹੰਸਪਾਲ ਜੀ ਦੇ ਪਿਤਾ ਜੀ (ਗਿਆਨ ਸਿੰਘ) ਚੀਫ ਇੰਜੀਨੀਅਰ ਸਨ। ਕੋਈ ਮੰਨ ਸਕਦੈ? ਕਿ ਚੀਫ ਇੰਜੀਨੀਅਰ ਦੀ ਘਰਦੀ (ਰਜਿੰਦਰ ਕੌਰ) ਹੋਵੇ ਤੇ ਉਨ੍ਹੇਂ ਕੰਨ ਨਾ ਵਿੰਨੇ ਹੋਣ ਤੇ ਨਾਲੇ ਸੋਧ ਰੱਖਦੀ ਹੋਵੇ। ਜੇ ਅੱਜ ਸਤਿਗੁਰੂ ਜੀ ਨੇ ਹੰਸਪਾਲ ਜੀ ਨੂੰ ਏਨੀਆ ਵੱਡੀਆਂ ਪੁਜੀਸ਼ਨਾਂ ਤੇ ਪਹੁੰਚਾਇਆ ਏ ਤਾਂ ਇਹਦੇ ਪਿਛੇ ਵੀ ਇਹਨਾਂ ਦੀ ਮਾਤਾ ਜੀ ਦੀ ਸੋਧ ਦਾ ਹੀ ਕਮਾਲ ਏ। ਤੇਰੇ ਮੁਹੱਲੇ ਵਾਲੇ ਬਾਪੂ ਬਚਨ ਸਿੰਘ ਜੀ ਸੋਧੀ ਨੇ, ਦੇਖ ਲੈ ਉਹਨਾਂ ਦੇ ਪੁੱਤਰ(ਵੱਸਣ ਸਿੰਘ) ਨੂੰ ਵੀ ਸਤਿਗੁਰੂ ਜੀ ਨੇ ਸੰਗਤ ਦਾ ਪ੍ਰਧਾਨ ਬਣਾਇਆ ਹੋਇਆ ਏ। ਸਤਿਗੁਰੂ ਜੀ ਕਿੰਨੀ ਕਿਰਪਾ ਕਰਦੇ ਨੇ, ਕਿੰਨਾ ਮਾਣ ਤੇ ਸਤਿਕਾਰ ਬਖਸ਼ਦੇ ਨੇ ਸਾਰਿਆਂ ਨੂੰ। ਆ ਹੁਣ ਰਾਗੀ ਬਲਵੰਤ ਸਿੰਘ ਨੂੰ ਦੇਖ ਲੈ ਸੋਧ ਰੱਖਦਾ ਏ,ਹੈ ਕੋਈ ਇਸਦਾ ਮੁਕਾਬਲਾ?'' ਜੇ ਕਿਤੇ ਸੂਬਾ ਜੀ ਸਿਹਤ ਪੱਖੋਂ ਢਿੱਲੇ ਨਾ ਹੁੰਦੇ ਤਾਂ ਉਨਾਂ ਮੈਨੂੰ (ਲੇਖਕ ਨੂੰ) ਵੀ ਸੋਧ ਜਰੂਰ ਰਖਵਾ ਦੇਣੀ ਸੀ।

ਚੰਡੀਗੜ੍ਹ ਦੇ ਸ.ਗੁਰਜਿੰਦਰ ਸਿੰਘ ਨੇ ਸੂਬਾ ਜੀ ਨੂੰ ਆਖਿਆ ਕਿ ''ਮੇਰਾ ਕਾਰੋਬਾਰ ਕੁਝ ਢਿੱਲਾ ਏ''। ਸੂਬਾ ਜੀ ਕਹਿਣ ਲੱਗੇ "ਤੂੰ ਸੋਧ ਰੱਖ ਲੈ।" ਉਹ ਆਖਣ ਲੱਗਾ "ਜੀ ਕਈ ਵਾਰੀ ਬਾਹਰ-ਅੰਦਰ ਜਾਣਾ ਪੈਂਦਾ ਏ, ਸੋਧ....ਬੜੀ ਮੁਸ਼ਕਿਲ ਹੋ ਜਾਏਗੀ।" ਸੂਬਾ ਜੀ ਆਖਣ ਲੱਗੇ "ਕੋਈ ਨਹੀਂ ਮਹੀਨੇ ਵਿਚੋਂ ਹਫਤਾ ਜਾਂ ਦਸ ਦਿਨ ਹੀ ਰੱਖ ਲਿਆ ਕਰ, ਮੇਰੇ ਕੋਲ ਤਾਂ ਇਹੀ ਦਵਾਈ ਹੈ।" ਸੂਬਾ ਜੀ ਦਾ ਆਖਿਆ ਮੰਨਕੇ, ਉਹਨਾਂ ਸੋਧ ਰੱਖਣੀ ਸ਼ੁਰੂ ਕੀਤੀ। ਐਸੀ ਕਿਰਪਾ ਹੋਈ ਕਾਰੋਬਾਰ ਚੜ੍ਹਦੀ ਕਲਾ 'ਚ ਹੋ ਗਿਆ। ਅੱਜ ਇਹ ਦੰਪਤੀ ਸ.ਗੁਰਜਿੰਦਰ ਸਿੰਘ ਤੇ ਉਹਨਾਂ ਦੀ ਸੁਪਤਨੀ ਦੋਨੋਂ ਹੀ 12 ਮਹੀਨੇ ਸੋਧ ਰੱਖਦੇ ਹਨ। ਗੁਰੂ ਮਰਿਯਾਦਾ ਪ੍ਰਤੀ ਸੂਬਾ ਜੀ ਦਾ ਵਿਸ਼ਵਾਸ ਬੜਾ ਅਟੱਲ ਸੀ। ਕਈ ਵਾਰੀ ਆਖਣਾ ''ਸੋਧ ਰੱਖਣ ਨਾਲ ਬੁੱਧੀ ਤੀਖਣ ਹੁੰਦੀ ਹੈ। ਮੇਰੀ (ਸੂਬਾ ਜੀ) ਯਾਦਾਸ਼ਤ ਵੀ ਕਮਜ਼ੋਰ ਹੀ ਹੁੰਦੀ ਸੀ। ਪਰ ਜਿੱਦਣ ਦੀ ਸੋਧ ਰੱਖੀ ਹੈ ਓਦਣ ਤੋਂ ਲੈਕੇ ਸੈਂਕੜੇ ਲੈਂਡਲਾਈਨ ਤੇ ਮੋਬਾਈਲ ਫੋਨ ਨੰਬਰ ਮੈਨੂੰ ਜ਼ੁਬਾਨੀ ਯਾਦ ਨੇ। ਕਈ ਵਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ, ਜੇ ਕਿਸੇ ਨੂੰ ਫੋਨ ਕਰਨਾ ਹੁੰਦਾ ਸੀ ਤੇ ਬਚਨ ਕਰਨਾ ਤਰਸੇਮ, ਸੂਬਾ ਜੀ ਨੂੰ ਪੁੱਛ ਲੈ ਨੰਬਰ।"

ਸਿੱਖੀ ਨੂੰ ਸਮਰਪਿਤ ਨੌਜਵਾਨਾਂ ਨੂੰ ਹਰ ਸਾਲ ਸਨਮਾਨਿਤ ਵੀ ਕਰਦੇ। ਕਈ ਵਾਰੀ ਸਾਨੂੰ ਹਵਨ-ਵਰਨੀ ਕਰਨ ਲਈ ਘਰੇ ਸੱਦ ਲੈਂਦੇ। ਇਸ਼ਨਾਨ ਕਿਸਤਰ੍ਹਾਂ ਕਰਨਾ ਹੈ,ਅੰਮ੍ਰਿਤ ਕਿਦਾਂ ਛਕਣਾ ਹੈ, ਹਵਨ ਦੀ ਕੀ ਮਰਿਯਾਦਾ ਹੈ ਆਦਿ ਸਿੱਖੀ ਰਹਿਤ-ਬਹਿਤ ਬਾਰੇ ਜਰੂਰ ਦੱਸਦੇ। ਪਰਸ਼ਾਦਾ ਬਣਾਉਣ ਦੇ ਬੜੇ ਮਾਹਿਰ ਸਨ। ਸ਼ੌਂਕ ਨਾਲ ਆਪਣੇ ਹੱਥੀਂ ਪਕਵਾਨ ਬਣਾਉਂਦੇ ਫਿਰ ਆਪਣੇ ਹੱਥੀਂ ਹੀ ਸਾਨੂੰ ਛਕਾਉਂਦੇ। ਦਹੀਂ ਭੱਲੇ, ਫਰੂਟ ਕਰੀਮ, ਛੋਲੇ ਭਠੂਰੇ ਆਦਿ ਬੜੇ ਸਵਾਦਿਸ਼ਟ ਬਣਾਉਂਦੇ ਸਨ। ਇਕ ਵਾਰ ਸੂਬਾ ਰੇਸ਼ਮ ਸਿੰਘ ਕੈਨੇਡਾ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ "ਸੱਚੇ ਪਾਤਸ਼ਾਹ,ਸੂਬਾ ਸੁਖਦਵੇ ਸਿੰਘ ਜੀ ਨੂੰ ਰਸੋਈ ਵਿਚ ਨਾ ਜਾਣ ਦਿਆ ਕਰੋ, ਨਹੀਂ ਤੇ ਸਾਡੀਆਂ ਘਰਵਾਲੀਆਂ ਵਿਗੜ ਜਾਣਗੀਆਂ।" ਸਤਿਗੁਰੂ ਜੀ ਹੈਰਾਨੀ ਨਾਲ ਪੁਛਿਆ ਉਹ ਕਿਵੇਂ? ਸੂਬਾ ਜੀ ਆਖਣ ਲੱਗੇ ''ਸੱਚੇ ਪਾਤਸ਼ਾਹ ਸਾਨੂੰ ਪਦਾਰਥ ਬਣਾਉਣੇ ਨਹੀਂ ਆਉਂਦੇ ਤੇ ਸਾਡੀਆਂ ਘਰਵਾਲੀਆਂ ਨੇ ਆਖਣੈ..... "ਵੇਖੋ ਸੂਬਾ ਸੁਖਦੇਵ ਸਿੰਘ ਜੀ ਰੋਜ਼ ਨਵੇਂ ਤੋਂ ਨਵਾਂ ਤੇ ਸਵਾਦਿਸ਼ਟ ਪਕਵਾਨ ਬਣਾ ਕੇ ਛਕਾਉਂਦੇ ਨੇ,ਤੇ ਤੁਹਾਨੂੰ (ਸੂਬਾ ਰੇਸ਼ਮ ਸਿੰਘ ਨੂੰ) ਕੁੱਝ ਵੀ ਨਹੀਂ ਆਉਂਦਾ।" ਅਨਦ ਬਿਨੋਦ ਸਤਿਗੁਰੂ ਜੀ ਹੱਸ ਕੇ ਆਖਣ ਲਗੇ "ਉਹ ਏਨੇ ਵਧੀਆ ਤੇ ਵੱਖਰੇ ਪਦਾਰਥ ਪਤਾ ਕਿਉਂ ਬਣਾ ਲੈਂਦਾ ਏ?...... ਅਸਲ ਵਿਚ ਉਹਨੂੰ (ਸੂਬਾ ਸੁਖਦੇਵ ਸਿੰਘ ਜੀ) ਛਕਣ ਦਾ ਵੀ ਸ਼ੌਂਕ ਏ।"

ਸੂਬਾ ਜੀ ਨੇ ਕਿਤੇ ਵੀ ਕੋਈ ਚੰਗੀ ਕੋਟੀ ਜਾਂ ਸਵੈਟਰ ਵੇਖਣੀ, ਉਸੇ ਵੇਲੇ ਸੋਚਣ ਲਗ ਪੈਣਾ ਕਿ ਇਹ ਕਿਹੜੇ ਰਾਗੀ ਜਾਂ ਪਰਚਾਰਕ ਨੂੰ ਫੱਬੇਗੀ। ਖਰੀਦ ਕੇ, ਫਿਰ ਉਸ ਸਖਸ਼ੀਅਤ ਨੂੰ ਬੜੇ ਆਦਰ ਨਾਲ ਦੇਣੀ। ਭੇਟਾ ਕਰਨ ਲਈ ਡਰਾਈ ਫਰੂਟ, ਅਰਬੀ ਖਜੂਰਾਂ, ਮਹਿੰਗੇ ਪੈੱਨ, ਕੰਬਲ, ਚਾਦਰਾਂ, ਸੂਟ ਹਰ ਸਮੇਂ ਆਪਣੀ ਗੱਡੀ ਵਿਚ ਰੱਖਣੇ।

2001 'ਚ 9 ਸਾਲ ਦੀ ਉਮਰੇ ਮੈਂ ਦੀਵਾਨ ਲਗਾਉਣੇ ਸ਼ੁਰੂ ਕੀਤੇ। ਸੂਬਾ ਜੀ ਨੇ ਜਦੋਂ ਸੁਣਿਆ ਤਾਂ ਆਪਣੀ ਪੁੱਤਰੀ ਕਮਲਪ੍ਰੀਤ ਕੌਰ ਨੂੰ ਉਚੇਚਾ ਆਖ, ਮੇਰਾ ਦੀਵਾਨ ਤਿਆਰ

ਕਰਵਾ ਕੇ ਬਚਿਆਂ ਦਾ ਪ੍ਰੋਗਰਾਮ ਕਰਵਾਉਣ ਲਈ ਆਖਿਆ। ਮੈਂ ਓਦੋਂ ਦੱਸ ਸਾਲ ਦਾ ਸਾਂ। ਆਪਣਾ ਜੂੜਾ ਵੀ ਨਹੀਂ ਸੀ ਕਰਨਾ ਆਉਂਦਾ। ਮੇਰੇ ਪਰਿਵਾਰ ਵਾਲੇ ਮੈਨੂੰ ਇਕੱਲੇ ਨੂੰ ਮੇਲੇ ਤੇ' ਭੇਜਣ ਲਈ ਰਾਜ਼ੀ ਵੀ ਨਹੀਂ ਸਨ। ਪਰ ਸੂਬਾ ਜੀ ਨੇ ਆਖਿਆ "ਤੁਸੀਂ ਚਿੰਤਾ ਨਾ ਕਰੋ ਕਮਲ (ਸੂਬਾ ਜੀ ਦੀ ਬੇਟੀ) ਆਪੇ ਸਾਂਭ ਲਏਗੀ।" ਜਿਹੜੀਆਂ ਸਟੇਜਾਂ 'ਤੇ ਵੱਡੇ ਸਮਾਗਮਾਂ 'ਚ ਬੋਲਣ ਲਈ, ਮੈਂ ਪਰਚਾਰਕਾਂ ਨੂੰ ਤਰਲੇ ਕਢਦੇ ਵੀ ਦੇਖਿਆ ਏ, ਸੂਬਾ ਜੀ ਦੇ ਰਾਹੀਂ ਉਹ ਸਟੇਜ ਮੈਨੂੰ ਸੌਖਿਆਂ ਹੀ ਪ੍ਰਾਪਤ ਹੋ ਗਈ। ਮੈਂ ਇਸ ਲਈ ਵੀ ਸੂਬਾ ਜੀ ਦਾ ਸਦਾ ਰਿਣੀ ਰਹਾਂਗਾ।

ਫਿਰ ਜਿਹੜੇ ਵੀ ਸਮਾਗਮ 'ਚ ਸੂਬਾ ਜੀ ਬੈਠੇ ਹੁੰਦੇ, ਮੈਂ ਜਦੋਂ ਵੀ ਜਾਣਾ, ਮੈਨੂੰ "ਜੋਰ" ਨਾਲ ਵੀ ਆਖਣਾ "ਤੂੰ ਦੀਵਾਨ ਸੁਣਾ"। ਰਮੇਸ਼ ਨਗਰ ਵੈਸਾਖੀ ਮੇਲਾ ਸੀ।ਮੈਨੂੰ ਆਖਣ ਲੱਗੇ ਦੀਵਾਨ ਲਗਾ। ਮੈਂ ਆਖਿਆ ਜੀ "ਮੈਨੂੰ ਵੈਸਾਖੀ ਦਾ ਪ੍ਰਸੰਗ ਨਹੀਂ ਆਉਂਦਾ"। ਆਖਣ ਲਗੇ "ਜਿਹੜਾ ਵੀ ਆਉਂਦੈ ਉਹੀ ਸੁਣਾ ਦੇ"। ਮੈਂ ਫਿਰ ਬਹਾਨਾ ਮਾਰਿਆ ਕਿ "ਮੇਰੇ ਕੋਲ ਜਥਾ ਨਹੀਂ ਹੈਗਾ"। ਅਸਲ ਵਿਚ ਮੇਰਾ ਜਥਾ ਸ਼ਾਹ ਪੁਰੇ ਦੇ ਮੁੰਡਿਆਂ ਦਾ ਸੀ।ਜਿਹੜੇ ਉਸ ਵੇਲੇ ਉਥੇ ਮੌਜੂਦ ਨਹੀਂ ਸਨ। ਉਂਜ ਉਥੇ ਜਥੇਦਾਰ ਸੇਵਾ ਸਿੰਘ ਜੀ ਦੇ ਜਥੇ ਚੋਂ ਰਮੇਸ਼ ਨਗਰ ਅਤੇ ਰਘੁਬੀਰ ਨਗਰ ਦੇ ਸਾਜੀ ਬੈਠੇ ਸਨ ਪਰ ਮੇਰੀ ਉਹਨਾਂ ਨਾਲ ਓਦੋਂ ਕੋਈ ਖਾਸ ਵਾਕਫ਼ੀਅਤ ਨਹੀਂ ਸੀ। ਸੂਬਾ ਜੀ ਨੇ ਆਪ ਜਥੇ ਵਾਲਿਆਂ ਨੂੰ ਆਖਿਆ ਕਿ ਨਿਸ਼ਾਨ ਨੇ ਦੀਵਾਨ ਲਾਉਣਾ ਏ ਤੇ ਤੁਸੀਂ ਸਾਰਿਆਂ ਏਹਦਾ ਸਾਥ ਦੇਣਾ ਏ। ਮੇਰਾ ਦੀਵਾਨ ਲਵਾ ਕੇ ਹੀ ਸਾਹ ਲਿਆ।ਅੱਜ ਕਈ ਵਾਰੀ ਸੋਚਦਾ ਹਾਂ ਕਿ ਜਿਹੜੇ ਮੁੰਡੇ ਬਚਪਨ ਵਿਚ ਲਮੇਰੇ ਸਾਥੀ ਬਣਕੇ ਨਾਲ ਤੁਰੇ ਸਨ ਉਹ ਸਾਰੇ ਹੀ ਬਦਲਦੇ ਸਮੇਂ ਅਨੁਸਾਰ ਕੰਮਾਂ-ਕਾਰਾਂ ਤੇ ਘਰ-ਗ੍ਰਹਿਸਥੀ ਚ' ਮਸ਼ਰੂਫ ਹੋ ਗਏ ਨੇ। ਪਰ ਜਿਹੜੇ,ਮੈਥੋਂ ਵਡੇਰੀ ਉਮਰ ਦੇ ਸਾਜੀ, ਸੂਬਾ ਜੀ ਨੇ ਮੇਰੇ ਸਾਥੀ ਬਣਾਏ ਉਹ ਅੱਜ ਵੀ ਹਨੇਰ੍ਹੇ-ਸਵੇਰੇ ਹਰ ਸਮੇਂ ਮੇਰਾ ਸਾਥ ਦੇ ਰਹੇ ਹਨ।

ਦਿੱਲੀ, ਕਈ ਵਾਰੀ ਕਵੀ ਦਰਬਾਰ ਸਮੇਂ ਕੋਲ ਬਿਠਾ ਲੈਣਾ। ਆਪਨੇ ਬੈਗ 'ਚੋਂ ਮਾਇਆ ਕੱਢ ਕੇ ਮੈਨੂੰ ਫੜ੍ਹਾਈ ਜਾਣੀ ਕਿ ਜਾ ਕੇ ਮੱਥਾ ਟੇਕ ਕੇ ਆ। ਮੈਂ ਸੋਚਣਾ ਸੂਬਾ ਜੀ ਆਪ ਬਾਰ ਬਾਰ ਉੱਠਣ ਖੁਣੋਂ ਮੈਨੂੰ ਭੇਜਦੇ ਨੇ ਮੱਥਾ ਟੇਕਣ। ਪਰ ਅੱਜ ਸਮਝ ਆਉਂਦੀ ਹੈ ਕਿ ਅਸਲ ਵਿਚ ਉਹ ਸਿੱਖਿਆ ਦੇ ਰਹੇ ਸਨ ਕਿ "ਕਿਤੇ ਮੇਰਾ ਮਨ ਕੇਵਲ ਮਾਇਆ ਲੈਣ ਵਾਲਾ ਹੀ ਨਾ ਬਣ ਜਾਏ, ਹੱਥੀਂ ਦੇਣ ਦੀ ਪਿਰਤ ਵੀ ਪੈਣੀ ਚਾਹੀਦੀ ਏ"।

ਏਨਾ ਪਿਆਰ ਤੇ ਮਾਨ ਦਿੰਦੇ ਸਨ ਕਿ ਆਪਣੇ ਪਿਤਾ ਜੀ ਦੀ ਯਾਦ ਵਿਚ "ਪਹਿਲਾ ਸੰਤ ਬਲਵੰਤ ਸਿੰਘ ਯਾਦਗਾਰੀ ਸਨਮਾਨ" ਵੀ ਮੈਨੂੰ ਦਿੱਤਾ। ਹਾਲਾਂਕਿ ਉਸ ਦੇ ਕਾਬਿਲ ਤੇ ਮੈਂ ਅੱਜ ਵੀ ਨਹੀਂ ਹਾਂ। ਮਨੁੱਖੀ ਜੀਵਨ 'ਚ ਤਰੱਕੀ ਦੀ ਪੌੜੀ ਚੜ੍ਹਣ ਲਈ ਇਹ ਛੋਟੀਆਂ ਛੋਟੀਆਂ ਪ੍ਰੇਰਣਾਦਾਇਕ ਘੜੀਆਂ ਬੜੇ ਮਾਇਨੇ ਰੱਖਦੀਆਂ ਨੇ।

ਸੂਬਾ ਜੀ ਆਪਣੇ ਆਪ ਵਿਚ ਚਲਦੇ ਫਿਰਦੇ ਕਿਸੇ ਇਤਿਹਾਸਿਕ-ਸਰੋਤ ਨਾਲੋਂ ਘੱਟ ਨਹੀਂ ਸਨ। ਨਾਮਧਾਰੀ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਰੱਖਦੇ ਸਨ। ਖਾਸ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੱਖੀਂ ਡਿੱਠੇ ਜੀਵਨ-ਸਫ਼ਰ 'ਚੋਂ ਨਾਵਾਂ-ਥਾਵਾਂ-ਸੰਨ ਸਮੇਤ ਬੜਾ ਕੁਝ ਯਾਦ ਸੀ। ਹਾਲਾਂ ਮੈਂ ਉਹਨਾਂ ਨੂੰ ਕਦੀ ਸਟੇਜ 'ਤੇ ਬੋਲਦਿਆਂ ਨਹੀਂ ਸੀ ਸੁਣਿਆ ਪਰ ਫਿਰ ਵੀ ਨਾਮਧਾਰੀ ਪੰਥ ਦੇ ਸਾਰੇ ਹੀ ਪ੍ਰਚਾਰਕ ਸੂਬਾ ਜੀ ਕੋਲ ਬੈਠ ਕੇ ਕੁਝ ਨਾ ਕੁਝ ਜਾਣਕਾਰੀ ਹਾਸਿਲ ਕਰਨ ਦੇ ਇਛੁੱਕ ਜ਼ਰੂਰ ਹੁੰਦੇ ਸਨ।

ਸੁਭਾਅ ਦੇ ਦਾਨੀ ਸਨ।ਜਦੋਂ ਸ਼ਹੀਦ ਬਿਸ਼ਨ ਸਿੰਘ ਸਕੂਲ ਖੁਲ੍ਹਿਆ ਤਾਂ ਸੂਬਾ ਜੀ ਨੇ ਹਰ ਨਾਮਧਾਰੀ ਪਰਿਵਾਰ ਨੂੰ ਪ੍ਰੇਰਿਆ ਕਿ ਆਪਣੇ ਬੱਚਿਆਂ ਨੂੰ ਆਪਣੇ ਸਕੂਲ ਵਿਚ ਹੀ ਪੜ੍ਹਾਓ। ਜੇ ਕਿਸੇ ਨੇ ਵੀ "ਫੀਸ ਨਾ ਦੇ ਸੱਕਣ" ਦੀ ਅਸਮਰੱਥਾ ਜ਼ਾਹਰ ਕੀਤੀ ਤਾਂ ਉਸਨੂੰ ਆਖਿਆ "ਤੂੰ ਬੱਚੇ ਸਕੂਲ 'ਚ ਦਾਖਲ ਕਰਾ, ਫੀਸ ਦਾ ਫਿਕਰ ਆਪੇ ਸਤਿਗੁਰੂ ਜੀ ਕਰਣਗੇ।" ਕਈ ਬੱਚਿਆਂ ਦੀ ਹਰ ਮਹੀਨੇ ਸਕੂਲ ਫੀਸ, ਸਾਲਾਂ ਬੱਧੀ ਦਿੰਦੇ ਰਹੇ। ਕਈਆਂ ਨੂੰ ਹਰ ਮਹੀਨੇ ਰਾਸ਼ਨ ਦੇਣਾ, ਸਾਲ ਦੇ ਕੱਪੜੇ ਇਕੱਠੇ ਲੈ ਕੇ, ਨਾਲ ਮਾਇਆ ਦੇ ਦੇਣੀ ਕਿ ਆਪੇ ਸਿਲਾਈ ਕਰਾ ਲਿਓ।ਕਈ ਨਾਮਧਾਰੀ ਪਰਿਵਾਰਾਂ ਦੇ ਮਕਾਨ ਦਾ ਹਰ ਮਹੀਨੇ ਕਿਰਾਇਆ ਵੀ ਦਿੰਦੇ ਰਹੇ। ਆਪਣੇ ਬੱਚਿਆਂ ਨੂੰ ਆਖਣਾ "ਬੇਟਾ ਇਹ ਧਨ ਸਾਡੇ ਨਾਲ ਨਹੀਂ ਜਾਣਾ, ਜਿਹੜਾ ਦਾਨ-ਪੁੰਨ ਹੋ ਜਾਏ ਬੱਸ ਉਹੀ ਲੇਖੇ ਲੱਗਦਾ ਏ। ਨਹੀਂ ਤੇ ਬਹੁਤੇ ਧਨ-ਪਦਾਰਥ ਵਾਲੇ ਹੀ ਬਹੁਤੇ ਦੁਖੀ ਹੁੰਦੇ ਨੇ।" ਐਸੇ ਮਹਾਂਪੁਰਸ਼ਾਂ ਦੀ ਕੇਵਲ ਪਰਿਵਾਰ ਨੂੰ ਹੀ ਨਹੀਂ ਬਲਕਿ ਸਮਾਜ ਨੂੰ ਵੀ ਸਦਾ ਹੀ ਲੋੜ ਹੁੰਦੀ ਹੈ।

ਸੂਬਾ ਸੁਖਦੇਵ ਸਿੰਘ ਜੀ ਨੇ, ਸਾਰੀ ਜ਼ਿੰਦਗੀ ਆਪਣੇ ਸਤਿਗੁਰੂ ਦੀ ਰਸਨਾ 'ਚੋਂ ਨਿਕਲੇ ਹਰ ਬੋਲ ਨੂੰ ਇਲਾਹੀ ਹੁਕਮ ਸਮਝ ਕੇ, ਮੰਨਣਾ ਕੀਤਾ, ਆਪਣੇ ਅਜ਼ੀਜ਼ਾਂ ਨੂੰ ਵੀ ਹੁਕਮ ਮੰਨਣ ਲਈ ਹੀ ਪ੍ਰੋਤਸਾਹਿਤ ਕਰਦੇ ਰਹੇ, ਹੁਕਮ ਮੰਨਣ ਵਿਚ ਹੀ ਸਰਬ ਸੁੱਖ ਪਰਾਪਤ ਕੀਤਾ ਤੇ ਹੁਕਮ ਵਿਚ ਹੀ ਲੀਨ ਹੋ ਗਏ। ਸ਼ਿਰੋਮਣੀ ਭਗਤ ਕਬੀਰ ਜੀ ਨੇ ਆਖਿਆ ਸੀ-

ਉਦਕ ਸਮੁੰਦ ਸਲਲ ਕੀ ਸਾਖਿਆ
ਨਦੀ ਤਰੰਗ ਸਮਾਵਹਿਗੇ
ਸੁੰਨਹਿ ਸੁੰਨੁ ਮਿਲਿਆ ਸਮਦਰਸੀ
ਪਵਨ ਰੂਪ ਹੋਇ ਜਾਵਹਿਗੇ॥
ਬਹੁਰਿ ਹਮ ਕਾਹੇ ਆਵਹਿਗੇ॥
ਆਵਨ ਜਾਨਾ ਹੁਕਮੁ ਤਿਸੈ ਕਾ
ਹੁਕਮੈ ਬੁਝਿ ਸਮਾਵਹਿਗੇ॥

**ਸੰਪਰਕ- 9999056361**

## ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਹਜ਼ੂਰੀ ਸੇਵਕ ਸੰਤ ਗੁਲਜ਼ਾਰ ਸਿੰਘ ਜੀ ਦਾ ਅਕਾਲ ਚਲਾਣਾ

– ਸੁਵਰਨ ਸਿੰਘ ਵਿਰਕ

ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ ਵਿੱਚ ਰਹਿ ਵੱਖ-ਵੱਖ ਕਾਰਜਾਂ ਦੁਆਰਾ ਸਤਿਗੁਰੂ ਜੀ ਅਤੇ ਨਾਮਧਾਰੀ ਪੰਥ ਦੀ ਲਗਾਤਾਰ ਚਾਰ ਦਹਾਕਿਆਂ ਤੱਕ ਨਿਰਵਿਘਨ ਸੇਵਾ ਨਿਭਾਉਣ ਵਾਲੇ ਸੰਤ ਗੁਲਜ਼ਾਰ ਸਿੰਘ ਜੀ, ਸਾਬਕਾ ਹਜ਼ੂਰੀ ਸੇਵਕ 1 ਅਗਸਤ 2020 ਨੂੰ ਆਪਣੇ ਪਿੰਡ ਦਮਦਮਾ, ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ਸੁਬ੍ਹਾ ਸਾਢੇ ਦਸ ਵਜੇ ਅਕਾਲ ਚਲਾਣਾ ਕਰ ਗਏ। 30 ਜੁਲਾਈ ਨੂੰ ਸੰਤ ਜੀ ਦੀ ਵਡੇਰੀ ਆਰਜਾ ਕਾਰਨ ਸਤਿਗੁਰੂ ਉਦੇ ਸਿੰਘ ਜੀ ਨੇ ਘਰ ਆ ਕੇ ਦਰਸ਼ਨ ਦਿੱਤੇ। ਸੰਤ ਜੀ ਨੇ ਅਗਲੇ ਸਮੇਂ ਬਾਰੇ ਅਰਜ਼ ਕੀਤੀ। 31 ਜੁਲਾਈ ਨੂੰ ਮਾੜੇ ਮੋਟੇ ਢਿੱਲੇ-ਮੱਠੇ ਹੋਏ ਅਤੇ ਅਗਲੇ ਭਲਕ ਸਰੀਰ ਤਿਆਗ ਗਏ। ਉਸੇ ਦਿਨ ਸਸਕਾਰ ਹੋ ਗਿਆ ਅਤੇ ਤੀਸਰੇ ਦਿਨ 3 ਅਗਸਤ ਨੂੰ ਸੰਤ ਸੰਤੋਖ ਸਿੰਘ ਦਿੱਲੀ ਵਾਲਿਆਂ ਨੇ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਸਾਧਾਰਨ ਪਾਠ ਦਾ ਭੋਗ ਪਾ ਦਿੱਤਾ। ਇੱਕ ਸਦਾ ਕਿਰਿਆਸ਼ੀਲ ਰਹਿਣ ਵਾਲੇ, ਵਿਸ਼ਾਲ ਅਨੁਭਵੀ, ਫੁਰਤੀਲੇ ਜੀਵਨ ਦਾ ਇਉਂ ਬਹੁਤ ਸਹਿਜ ਅਤੇ ਸ਼ਾਂਤੀ ਨਾਲ ਕੋਰੋਨਾ ਕਾਲ ਦੀਆਂ ਬੰਦਿਸ਼ਾਂ ਵਿੱਚ ਚੁੱਪ-ਚਾਪ ਅੰਤ ਹੋ ਜਾਵੇਗਾ, ਕਿਸੇ ਨੇ ਇਉਂ ਕਿਆਸਿਆ ਵੀ ਨਹੀਂ ਸੀ।

ਦਮਦਮਾ ਪਿੰਡ ਵਿੱਚ ਆਉਣ ਜਾਣ ਵਾਲਿਆਂ ਨੂੰ ਅਕਸਰ ਪਿੰਡ ਵਿਚਲੀ ਸੜਕ ਉੱਤੇ ਜਾਂ ਫਿਰ ਪਿੰਡੋਂ ਚੜ੍ਹਦੇ ਵੱਲ ਪਿੰਡ ਦੇ ਬਹੁਤ ਨਜ਼ਦੀਕ, ਆਪਣੇ ਖੇਤਾਂ ਵਿੱਚ ਸੰਤ ਜੀ ਦੇ ਦਰਸ਼ਨ ਅਕਸਰ ਹੋਇਆ ਕਰਦੇ ਸਨ। ਜੇ ਕਦੇ ਕਾਹਲ ਵਿੱਚ ਹੋਣਾ ਤਾਂ ਵੀ ਉਨ੍ਹਾਂ ਆਵਾਜ਼ ਦੇ ਕੇ ਰੋਕ ਲੈਣਾ ਅਤੇ ਸੁੱਖ ਸਾਂਦ ਦੇ ਦੋ-ਚਾਰ ਬਚਨ ਬਿਲਾਸ ਕਰਕੇ ਫਿਰ ਜਾਣ ਦੇਣਾ। ਹੁਣ ਪਿਛਲੇ ਸਾਲ ਜਾਂ ਛੇ ਕੁ ਮਹੀਨਿਆਂ ਤੋਂ ਉਹ ਬਹੁਤੇ ਸਰਗਰਮ ਨਹੀਂ ਰਹੇ ਸਨ ਅਤੇ ਪਰਿਵਾਰ ਦੀ ਕੋਸ਼ਿਸ਼ ਵੀ ਇਹ ਹੁੰਦੀ ਸੀ ਕਿ ਘਰ ਰਹਿ ਕੇ ਸੇਵਾ ਕਰਵਾਉਣ। ਪਿਛਲੇ ਸਾਲ ਹੀ ਗੁਜ਼ਰੇ ਭਾਈ ਰੂਪ ਸਿੰਘ ਬਾਜਾਖਾਨਾ ਵਾਲੇ ਅਤੇ ਇਹ ਸੰਤ ਜੀ, ਦੋਹਾਂ ਨੂੰ ਅਕਸਰ ਛੋਲੇ ਕਦਮੀਂ ਤੁਰਦਿਆਂ-ਫਿਰਦਿਆਂ ਵੇਖੀਦਾ ਸੀ ਅਤੇ ਦੋਹਾਂ ਨੇ ਹੀ ਆਪੋ-ਆਪਣੇ ਸਰੀਰਾਂ ਨੂੰ ਬਹੁਤ ਸਾਧ ਕੇ ਰੱਖਿਆ ਸੀ। ਸੰਤ ਜੀ ਦਾ ਦਮਦਮਾ ਸਥਿਤ ਘਰ ਜਦੋਂ ਮੈਂ ਪਹਿਲੀ ਵੇਰ ਵੇਖਿਆ ਸੀ। ਉਸ ਦਾ ਸਬੱਬ 1967 ਈ. ਦਾ ਨਾਮਧਾਰੀ ਸੰਗਤ ਦਾ ਦਮਦਮਾ ਵਿਖੇ ਹੋਣ ਵਾਲਾ ਹੋਲਾ-ਮਹੱਲਾ ਸੀ। ਹੋਲੇ ਦੇ ਸ਼ਾਮ ਦੇ ਦੀਵਾਨ ਦੇ ਭੋਗ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਹੁਕਮ ਕੀਤਾ ਕਿ ਮੈਂ ਉਨ੍ਹਾਂ ਦੇ ਡੇਰੇ 'ਤੇ ਆ ਜਾਵਾਂ, ਸਤਿਗੁਰੂ ਜੀ ਦਾ ਡੇਰਾ ਉਸ ਸਮੇਂ ਸੰਤ ਜੀ ਦੇ ਘਰ ਹੀ ਸੀ।

ਸੰਤ ਗੁਲਜ਼ਾਰ ਸਿੰਘ ਜੀ ਦਾ ਜਨਮ ਸੰਤ ਬੰਤਾ ਸਿੰਘ ਪੁੱਤਰ ਸ. ਨਾਰਾਇਣ ਸਿੰਘ ਸਹੋਤਾ ਅਤੇ ਮਾਤਾ ਸ਼ਾਮ ਕੌਰ ਦੇ ਘਰ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫਿਲੌਰ ਕਸਬੇ ਵਿੱਚ ਅਪਰੇ ਦੇ ਪਾਸ ਫਲਪੋਤੇ ਪਿੰਡ ਵਿੱਚ ਹੋਇਆ। ਜਨਮ ਦਾ ਸਾਲ ਪਰਿਵਾਰ ਦੇ ਦੱਸਣ ਮੁਜਬ 1924 ਈ. ਅਤੇ ਪ੍ਰੀਤਮ ਸਿੰਘ ਕਵੀ ਹੋਰਾਂ ਦੀ 'ਸਤਿਜੁਗ ਸਿਮ੍ਰਤੀ ਅੰਕ 2018 ਬਿਕਰਮੀ' ਵਿੱਚ ਛਪੀ ਰਚਨਾ ਅਨੁਸਾਰ 1930 ਈ. ਸੀ। ਕੁਝ ਵੀ ਹੋਵੇ, ਉਨ੍ਹਾਂ ਨੇ ਲੰਮੀ ਸਿਹਤਮੰਦ ਜ਼ਿੰਦਗੀ ਵੀ ਬਤੀਤ ਕੀਤੀ ਅਤੇ ਇਸ ਉਮਰ ਦਾ ਵਧੀਆ ਹਿੱਸਾ ਪੰਥਕ ਸੇਵਾਵਾਂ ਅਤੇ ਕਰਮਾਂ ਵਿੱਚ ਬਤੀਤ ਕੀਤਾ।

ਫਲਪੋਤੇ ਵਿੱਚ ਤਾਂ ਨਾਮਧਾਰੀਆਂ ਦੇ 4-5 ਘਰ ਹੀ ਸਨ, ਪਰ ਇਸ ਦੇ ਗੁਆਂਢ ਮੁਠੱਡਾ ਕਲਾਂ, ਮੋਰੋਂ, ਮਹਾਂ ਸਿੰਘ ਆਦਿ ਨਾਮਧਾਰੀਆਂ ਦੇ ਪੁਰਾਤਨ ਗੜ੍ਹ ਸਨ। ਫਲਪੋਤੇ ਵਿੱਚ ਸੰਤ ਕਰਮ ਸਿੰਘ ਜੀ ਹਿੰਮਤਪੁਰੀਏ ਅਕਸਰ ਆਪਣੇ ਜਥੇ ਸਮੇਤ ਕਿਆਮ ਕਰਿਆ ਕਰਦੇ ਸਨ। ਇਸ ਤਰ੍ਹਾਂ ਨਾਮਧਾਰੀ ਸੰਗਤ ਦਾ ਪ੍ਰਭਾਵ ਵੱਧ ਰਿਹਾ ਸੀ। ਗੁਲਜ਼ਾਰ ਸਿੰਘ ਦਾ ਪਰਿਵਾਰ ਟਕਸਾਲੀ ਕੂਕਾ ਪਰਿਵਾਰ ਹੋਣ ਕਾਰਨ ਉਸ ਦੇ ਮਨ ਵਿੱਚ ਬਚਪਨ ਵਿੱਚ ਹੀ ਸ੍ਰੀ ਭੈਣੀ ਸਾਹਿਬ ਰਹਿ ਕੇ ਸਤਿਗੁਰੂ ਜੀ ਦੀ ਸੇਵਾ ਕਰਨ ਦਾ ਚਾਉ ਉਪਜਿਆ। ਪੰਦਰਾਂ ਕੁ ਸਾਲਾਂ ਦਾ ਸੀ, ਜਦੋਂ ਉਹ ਆਪਣੇ ਇਸ ਸ਼ੌਂਕ ਦੀ ਪੂਰਤੀ ਹਿੱਤ ਭੈਣੀ ਸਾਹਿਬ ਆ ਗਿਆ। ਪਹਿਲਾਂ ਮੱਝਾਂ ਗਾਈਆਂ ਵਾਲੇ ਮੁੰਡਿਆਂ ਨਾਲ ਰਲ ਕੇ ਪਸ਼ੂ ਸੰਭਾਲਣ ਲੱਗਾ ਅਤੇ ਫਿਰ ਉਸ ਦੀ ਚੁਸਤੀ-ਫੁਰਤੀ ਨੂੰ ਵੇਖ ਕੇ ਸਤਿਗੁਰੂ ਜੀ ਨੇ ਉਸ ਨੂੰ ਘੋੜਿਆਂ ਵਾਲੇ ਜਥੇ ਵਿੱਚ ਸ਼ਾਮਿਲ ਕਰ ਲਿਆ। ਦੇਸ਼ ਵੰਡ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਰਫ਼ ਚੁਮਾਸਾ ਹੀ ਭੈਣੀ ਸਾਹਿਬ ਕੱਟਦੇ ਸਨ, ਬਾਕੀ ਸਾਲ ਦਾ ਜ਼ਿਆਦਾ ਸਮਾਂ ਆਪ ਘੋੜਿਆਂ 'ਤੇ ਅਸਵਾਰ ਹੋ ਕੇ ਸਮੁੱਚੇ ਸਾਂਝੇ ਪੰਜਾਬ ਅਤੇ ਆਲੇ ਦੁਆਲੇ ਦੇ ਹੋਰ ਇਲਾਕਿਆਂ ਵਿੱਚ

ਵੀ ਦੌਰਾ ਕਰਿਆ ਕਰਦੇ ਸਨ। ਇਸ ਲਈ ਘੋੜਿਆਂ ਦੇ ਜਥੇ ਵਿੱਚ ਰੋਜ਼ ਚੱਲ ਸੋ ਚੱਲ ਦੀ 'ਝਾਲ' ਕਮਜ਼ੋਰ ਜਾਂ ਮਾੜਾ ਵਿਅਕਤੀ ਕਦੋਂ ਝੱਲ ਸਕਦਾ ਸੀ।

ਜਦੋਂ ਗੁਲਜ਼ਾਰ ਸਿੰਘ ਘੋੜਿਆਂ ਦੀ ਸੰਭਾਲ ਵਿੱਚ ਸਨ ਤਾਂ ਉਦੋਂ ਹੀ ਸਤਿਗੁਰੂ ਜੀ ਨੇ ਇੱਕ ਹੋਰ ਵਿਸ਼ੇਸ਼ ਸੇਵਾ ਇਸ ਦੇ ਜ਼ਿੰਮੇ ਲਾਈ ਸੀ। ਉਸ ਸਮੇਂ ਮਹਾਰਾਜ ਜੰਗ ਸਿੰਘ ਜੀ ਰੁਪਾਣੇ ਰਹਿੰਦੇ ਸਨ। ਸੱਜਰ ਸੂਈ ਮੱਝ ਜਾਂ ਗਊ ਉੱਥੇ ਗੁਲਜਾਰ ਸਿੰਘ ਉਨ੍ਹਾਂ ਪਾਸ ਛੱਡ ਆਉਂਦਾ ਅਤੇ ਤੋਕੜ ਲੈ ਆਉਂਦਾ। ਇੱਕ ਵੇਰ ਕਿਸੇ ਪਸ਼ੂ ਪ੍ਰਬੰਧਕ ਨੇ ਮਹਾਰਾਜ ਜੀ ਪਾਸ ਭੇਜੀ ਗਊ ਵਾਪਸ ਲੈ ਆਂਦੀ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ ਤੋਂ ਵਾਪਸ ਆਏ ਤਾਂ ਆਪ ਨੇ ਉਹ ਗਊ ਤਬੇਲੇ ਵਿੱਚ ਵੇਖ ਕੇ ਪੁੱਛ ਗਿਛ ਕੀਤੀ। ਸਿੱਖਾਂ ਕਿਹਾ ਜੀ ਫਲਾਣੇ ਨੇ ਮੰਗਵਾਈ ਹੈ। ਸਤਿਗੁਰੂ ਜੀ ਦੇ ਹੁਕਮ 'ਤੇ ਉਹ ਗਊ ਗੁਲਜਾਰ ਸਿੰਘ ਭੈਣੀ ਸਾਹਿਬੋਂ ਫਿਰ ਮਹਾਰਾਜ ਜੀ ਪਾਸ ਪਹੁੰਚਾ ਕੇ ਆਇਆ।

ਘੋੜਿਆਂ ਦੀ ਕਈ ਸਾਲ ਸੇਵਾ ਕਰਨ ਬਾਅਦ ਫਿਰ ਆਪ ਆਪਣੇ ਪਿੰਡ ਚਲੇ ਗਏ। ਦੋ ਕੁ ਸਾਲ ਇੱਥੇ ਲਾ ਕੇ, ਫਿਰ ਦੇਸ਼ ਦੀ ਆਜ਼ਾਦੀ ਤੋਂ ਬਾਅਦ, ਜਦੋਂ ਆਪ ਦੇ ਪਰਿਵਾਰ ਨੇ ਜ਼ਮੀਨ ਪਿੰਡ ਦਮਦਮਾ ਵਿਖੇ ਲੈ ਲਈ ਤਾਂ ਗੁਲਜ਼ਾਰ ਸਿੰਘ ਹੋਰੀਂ ਫਿਰ ਗੁਰੂ ਕੀ ਸੇਵਾ ਵਿੱਚ ਆ ਗਏ। ਹੁਣ ਇਧਰ ਨਵਾਂ ਡੇਰਾ ਜੀਵਨ ਨਗਰ ਆਬਾਦ ਹੋ ਰਿਹਾ ਸੀ। ਉਸ ਵੇਲੇ ਦੇ ਬਾਬਾ ਜਗਜੀਤ ਸਿੰਘ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ, ਇਸ ਇਲਾਕੇ ਵਿੱਚ ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆਉਣ ਵਾਲੇ ਨਾਮਧਾਰੀਆਂ ਦੇ ਮੁੜ ਵਸੇਬੇ ਦਾ ਵੱਡਾ ਕਾਰਜ ਸੌਂਪਿਆ ਗਿਆ ਸੀ। ਆਜ਼ਾਦੀ ਤੋਂ ਬਾਅਦ ਦੇ ਇਹ ਦਸ ਬਾਰਾਂ ਸਾਲ, ਆਪ ਦੇ ਕਾਫ਼ੀ ਭੱਜ ਨੱਠ ਵਾਲੇ ਵਰ੍ਹੇ ਸਨ। ਇਨ੍ਹਾਂ ਸਮਿਆਂ ਵਿੱਚ ਹੀ ਗੁਲਜ਼ਾਰ ਸਿੰਘ ਨੂੰ ਆਪ ਦੀ ਨਿੱਜੀ ਸੇਵਾ ਵਿੱਚ ਆਉਣ ਦਾ ਮਾਣ ਪ੍ਰਾਪਤ ਹੋਇਆ। ਉਸ ਸਮੇਂ ਦੇ ਘਟਨਾਕ੍ਰਮ ਵਿੱਚ ਕਈ ਅਣਕਿਆਸੇ ਮੋੜ ਵੀ ਆਏ। ਇਹ ਬਹੁਤ ਉੱਥਲ-ਪੱਥਲ ਦਾ ਸਮਾਂ ਸੀ। ਇਸ ਸਮੇਂ ਦੇ ਮਾਰੂ ਸੇਕ ਅਨੇਕ ਨਾਮਧਾਰੀਆਂ ਨੂੰ ਆਪਣੇ ਪਿੰਡ 'ਤੇ ਵੀ ਝੱਲਣੇ ਪਏ। ਸੰਕਟ ਦੇ ਇਸ ਸਮੇਂ ਵਿੱਚ ਬਾਬਾ ਬੀਰ ਸਿੰਘ ਜੀ ਦੀ ਸੇਵਾ ਲਈ ਗੁਲਜ਼ਾਰ ਸਿੰਘ ਨੇ ਆਪਾ ਸਮਰਪਿਤ ਕਰ ਦਿੱਤਾ। ਇਨ੍ਹਾਂ ਸਮਿਆਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ। 10 ਸਤੰਬਰ 1959 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਹੋਈ। ਹੌਲੀ-ਹੌਲੀ ਸੰਗਤਾਂ ਦੇ ਬੱਦਲ ਇੱਕ-ਇੱਕ ਕਰਕੇ ਖਿੰਡ ਗਏ। ਸਤਿਗੁਰੂ ਜੀ ਦੀ ਆਗਿਆ ਪਾ ਕੇ ਹੁਣ ਗੁਲਜ਼ਾਰ ਸਿੰਘ ਆਪ ਦਾ ਹਜ਼ੂਰੀ ਸੇਵਕ ਬਣ ਗਿਆ ਅਤੇ ਅਗਲੇ 10-12 ਸਾਲ ਉਹਨੇ ਇਸ ਕਰੜੀ ਸੇਵਾ ਵਿੱਚ ਨਿਭਾਏ। ਦੇਸ਼ ਅਤੇ ਵਿਦੇਸ਼ ਦੀਆਂ ਸਤਿਗੁਰੂ ਜੀ ਨਾਲ ਅਨੇਕ ਯਾਤਰਾਵਾਂ ਕੀਤੀਆਂ। ਅਨੇਕ ਹੋਲੇ-ਮੁਹੱਲੇ ਤੇ ਹੋਰ ਪੁਰਬਾਂ 'ਤੇ ਹਾਜ਼ਰੀਆਂ ਭਰੀਆਂ। ਵਿਸ਼ਵ ਦੀਆਂ ਪ੍ਰਸਿੱਧ ਧਾਰਮਿਕ, ਸਿਆਸੀ, ਸਮਾਜੀ ਅਤੇ ਸਾਹਿਤਕ ਹਸਤੀਆਂ ਨਾਲ ਸਤਿਗੁਰੂ ਜੀ ਦੇ ਸੰਗ-ਸਾਥ ਵਿੱਚ ਮੁਲਾਕਾਤਾਂ ਕੀਤੀਆਂ।

ਇਸ ਸਮੇਂ ਸੰਤ ਪ੍ਰਕਾਸ਼ ਸਿੰਘ, ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ ਵੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕਾਂ ਵਿੱਚ ਆ ਗਏ ਸਨ। ਇਨ੍ਹਾਂ ਦੇ ਨਾਲ-ਨਾਲ ਸੰਤ ਗੁਲਜਾਰ ਸਿੰਘ 1983-84 ਈਸਵੀ ਤੱਕ ਇੱਥੇ ਟਿਕੇ ਰਹੇ, ਫਿਰ ਸ੍ਰੀ ਸਤਿਗੁਰੂ ਜੀ ਨੇ ਹੀ ਆਪ ਨੂੰ ਮਹਾਰਾਜ ਬੀਰ ਸਿੰਘ ਜੀ ਦੀ ਸੇਵਾ 'ਤੇ ਲੱਗ ਜਾਣ ਦਾ ਹੁਕਮ ਕੀਤਾ। ਸਤਿਗੁਰੂ ਜੀ ਨੇ ਇਹ ਵੀ ਬਚਨ ਕੀਤਾ ਸੀ ਕਿ ਤੈਨੂੰ ਕੋਈ ਕੁਝ ਵੀ ਆਖੇ ਤੂੰ ਮਹਾਰਾਜ ਜੀ ਦੀ ਸੇਵਾ ਛੱਡਣੀ ਨਹੀਂ। ਇਸ ਤਰ੍ਹਾਂ ਗੁਲਜਾਰ ਸਿੰਘ ਹੋਰਾਂ ਸੰਨ 2004 ਈਸਵੀ ਤੱਕ ਅਗਲੇ ਕੋਈ ਵੀਹ ਕੁ ਸਾਲ ਮਹਾਰਾਜ ਜੀ ਦੀ ਸੇਵਾ ਵਿੱਚ ਬਿਤਾਏ।

ਕੁਝ ਸਾਲ ਪਹਿਲਾਂ ਸੰਤ ਜੀ ਨੇ ਮੈਨੂੰ ਇੱਕ ਦਿਨ ਗੋਲ ਮੰਦਰ ਪਾਸ ਸ੍ਰੀ ਭੈਣੀ ਸਾਹਿਬ, ਖਿਲ੍ਹਾਰ ਲਿਆ, ਦੱਸਣ ਲੱਗੇ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਖਰੀ ਸਮੇਂ ਤੋਂ ਕੁਝ ਸਮਾਂ ਮਗਰੋਂ ਸਿਰਸਾ ਵਿੱਚ ਇੱਕ ਬਲਕਾਰ ਸਿੰਘ ਨਾਂ ਦੇ ਕਾਂਗਰਸੀ ਵਰਕਰ ਦਾ ਕਤਲ ਹੋ ਗਿਆ। ਉਹ ਆਖ਼ਰੀ ਸਾਹਾਂ 'ਤੇ ਸੀ ਸਿਵਲ ਹਸਪਤਾਲ ਸਿਰਸਾ ਵਿਖੇ। ਬਲਕਾਰ ਸਿੰਘ ਮੁੱਖ ਮੰਤਰੀ ਪੰਜਾਬ ਸਰਦਾਰ ਕੈਰੋਂ ਦਾ ਖਾਸਮ ਖਾਸ ਸੀ। ਕੈਰੋਂ ਸਾਹਿਬ ਓਦੋਂ ਨਾਮਧਾਰੀਆਂ ਨਾਲ ਟੇਢੇ ਸਨ। ਖਦਸ਼ਾ ਸੀ ਕਿ ਇਹ ਕਤਲ ਝੂਠਾ ਹੀ ਨਾਮਧਾਰੀ ਆਗੂਆਂ 'ਤੇ ਨਾ ਪੈ ਜਾਏ। ਗੁਲਜਾਰ ਸਿੰਘ ਹੋਰਾਂ ਵੱਡੇ ਡਾਕਟਰ ਨਾਲ ਕੋਈ ਗਿਟਮਿਟ ਕੀਤੀ। ਉਸ ਮੈਜਿਸਟ੍ਰੇਟ ਨੂੰ ਸੱਦ ਕੇ ਬਲਕਾਰ ਸਿੰਘ ਨੂੰ ਇੱਕ ਟੀਕਾ ਲਾਇਆ। ਬਲਕਾਰ ਸਿੰਘ ਦੇ ਘਰ ਆਉਣ ਜਾਣ ਵਾਲਾ ਗਰੀਬੂ ਵੀ ਕੋਲ ਖੜ੍ਹਾ ਸੀ। ਬਲਕਾਰ ਸਿੰਘ ਨੇ ਅੱਖ ਪੁੱਟ ਲਈ ਤਾਂ ਮੈਜਿਸਟ੍ਰੇਟ ਨੇ ਪੁੱਛਿਆ ਤੈਨੂੰ ਕਿੰਨੇ ਮਾਰਿਆ ਹੈ? ਉਹਨੇ ਗਰੀਬੂ ਵੱਲ ਹੱਥ ਕਰ ਦਿੱਤਾ ਅਤੇ ਸਦਾ ਦੀ ਨੀਂਦੇ ਸੌਂ ਗਿਆ। ਮਾਮਲਾ ਹੋਰ ਨਿਕਲਿਆ, ਬਲਕਾਰ ਸਿੰਘ ਦੀ ਘਰ ਵਾਲੀ ਅਤੇ ਗਰੀਬੂ

ਦਾ ਚਲਾਣ ਕਤਲ ਵਿੱਚ ਹੋ ਗਿਆ। ਗਰੀਬੂ ਹਿਸਾਰ ਜੇਲ੍ਹ ਵਿੱਚ ਫਾਹੇ ਲੱਗ ਗਿਆ ਸੀ।

ਸੰਤ ਜੀ ਸਫ਼ਲ ਕਿਸਾਨ ਵੀ ਸਨ। ਪਿਛਲੀ ਉਮਰ ਦਾ ਵੱਡਾ ਹਿੱਸਾ ਖੇਤਾਂ ਵਿੱਚ ਹੀ ਬਿਤਾਉਂਦੇ ਸਨ। ਭੈਣੀ ਸਾਹਿਬ ਦੇ ਹਰ ਹੋਲੇ-ਮਹੱਲੇ ਮੇਲੇ ਜੱਪ ਪ੍ਰਯੋਗ ਸਮੇਂ ਜਾਂ ਇਲਾਕੇ ਵਿੱਚ ਜਿੱਥੇ ਸਤਿਗੁਰੂ ਉਦੇ ਸਿੰਘ ਜੀ ਦਰਸ਼ਨ ਦਿੰਦੇ ਪੁੱਜਦੇ ਸਨ। ਸੰਤ ਜੀ ਦੇ ਜੋਗਿੰਦਰ ਸਿੰਘ, ਗੁਰਦਿਆਲ ਸਿੰਘ, ਆਤਮਾ ਸਿੰਘ ਤਿੰਨ ਭਾਈ ਸਨ। ਭੈਣਾਂ ਜੋਗਿੰਦਰ ਕੌਰ ਬੈਹੜਵਾਲ ਤੇ ਕਰਮ ਕੌਰ ਭਰ ਮਜਾਰੇ ਵਿਆਹੀਆਂ ਸਨ। ਬੀਬੀ ਜੋਗਿੰਦਰ ਕੌਰ ਪ੍ਰਸਿੱਧ ਨਾਮਧਾਰੀ ਸੰਤ ਲੱਖਾ ਸਿੰਘ ਦੀ ਨੂੰਹ ਸੀ। ਤੀਜੀ ਭੈਣ ਮਹਿੰਦਰ ਕੌਰ ਨਵਾਂ ਪਿੰਡ ਵਿਆਹੀ ਸੀ। ਹੁਣ ਇੰਗਲੈਂਡ ਵਿੱਚ ਹੈ। ਸਾਰੇ ਭੈਣਾਂ ਭਰਾਵਾਂ ਵਿੱਚੋਂ ਇਹੋ ਬੀਬੀ ਜੀਵਤ ਹੈ। ਨਾਮਧਾਰੀ ਬਾਣੇ ਵਿੱਚ ਵਿਚਰਦਾ ਬਰਮਿੰਘਮ ਦੇ ਨਾਮਧਾਰੀ ਗੁਰਦੁਆਰੇ ਦਾ ਪ੍ਰਧਾਨ ਡਾਕਟਰ ਸੁਖਦੇਵ ਸਿੰਘ ਇਸੇ ਬੀਬੀ ਦਾ ਪੁੱਤਰ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਲਜ਼ਾਰ ਸਿੰਘ ਦਾ ਰਿਸ਼ਤਾ ਸਰਦਾਰ ਕਰਤਾਰ ਸਿੰਘ ਰੋੜਿਆਂ ਵਾਲੇ ਦੀ ਪੁੱਤਰੀ ਬੀਬੀ ਬਲਬੀਰ ਕੌਰ ਨਾਲ ਤਹਿ ਕਰਵਾ ਕੇ ਅਨੰਦ ਕਾਰਜ ਕਰਵਾਇਆ ਸੀ। ਅਰੋੜਿਆਂ ਵਾਲਾ ਇਹ ਪਰਿਵਾਰ ਹੁਣ ਜਗਜੀਤ ਨਗਰ ਦੇ ਪਾਸ ਹਰੀਪੁਰਾ ਸਿਰਸਾ ਵਿਖੇ ਆਬਾਦ ਹੈ। ਸੰਤ ਗੁਲਜਾਰ ਸਿੰਘ ਹੋਰਾਂ ਦੇ ਦੋਹਾਂ ਭਾਈਆਂ ਦੇ ਪਰਿਵਾਰ ਵੀ ਪਿੰਡ ਦਮਦਮਾ ਵਿਖੇ ਰਹਿੰਦੇ ਹਨ। ਸੰਤ ਜੀ ਦੀ ਸੰਤਾਨ ਦੋ ਪੁੱਤਰ ਅਤੇ ਦੋ ਪੁੱਤਰੀਆਂ ਹੋਈਆਂ। ਵੱਡਾ ਲੜਕਾ ਗੁਰਦੀਪ ਸਿੰਘ ਅਠਾਰਾਂ ਕੁ ਸਾਲ ਦੀ ਉਮਰ ਵਿੱਚ 1978 ਵਿੱਚ ਚੜ੍ਹਾਈ ਕਰ ਗਿਆ ਸੀ। ਉਸ ਦੇ ਇਲਾਜ ਲਈ ਸਤਿਗੁਰੂ ਜੀ ਨੇ ਸੰਤ ਜੀ ਨੂੰ ਕਈ ਮਹੀਨੇ ਦਿੱਲੀ ਰੱਖਿਆ ਸੀ। ਹਰਵਿੰਦਰ ਸਿੰਘ ਉਰਫ਼ ਭੋਲਾ ਉਨ੍ਹਾਂ ਦਾ ਲੜਕਾ ਦਮਦਮਾ ਅਤੇ ਸਿਰਸਾ ਵਿਖੇ ਰਹਿੰਦਾ ਹੈ। ਹਰਵਿੰਦਰ ਸਿੰਘ ਦਾ ਆਨੰਦ ਰਾਈਆਂ (ਲੁਧਿਆਣਾ) ਦੀ ਬੀਬੀ ਸੁਖਪਾਲ ਕੌਰ ਨਾਲ ਹੋਇਆ। ਇਸ ਪਤਨੀ ਦਾ ਪੁੱਤਰ ਹਾਕਮ ਸਿੰਘ ਸਹੋਤਾ ਸਰੀ ਕੈਨੇਡਾ ਵਿਖੇ ਰਹਿ ਰਿਹਾ ਹੈ। ਸਤਿਗੁਰੂ ਉਦੇ ਸਿੰਘ ਜੀ ਦਾ ਪਿਆਰਾ ਸਿੱਖ ਹੈ। ਦੋ ਪੁੱਤਰੀਆਂ ਸੁਖਚੈਨ ਕੌਰ ਅਤੇ ਵੀਰਪਾਲ ਕੌਰ ਹਨ। ਸੰਤ ਗੁਲਜ਼ਾਰ ਸਿੰਘ ਜੀ ਦੀ ਵੱਡੀ ਪੁੱਤਰੀ ਰਾਜਿੰਦਰ ਕੌਰ ਕਰੀਵਾਲੇ ਦੇ ਲੰਬਰਦਾਰਾਂ ਦੇ ਝੱਬਰ ਪਰਿਵਾਰ ਵਿੱਚ ਅਤੇ ਛੋਟੀ ਸੁਖਵਿੰਦਰ ਕੌਰ ਨਕੌੜੇ ਦੇ ਬੱਲ ਪਰਿਵਾਰ ਵਿੱਚ ਵਿਆਹੀਆਂ ਹਨ।

ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਅੰਤਿਮ ਸਮੇਂ ਦਾ ਕੌਤਕ ਵਰਤਾ ਰਹੇ ਸਨ ਤਾਂ ਸੇਵਾ ਵਿੱਚ ਜੁਟੇ ਗੁਲਜਾਰ ਸਿੰਘ ਨੇ ਮਹਿਸੂਸ ਕੀਤਾ ਕਿ ਹੁਣ ਸਤਿਗੁਰੂ ਜੀ ਅਚੇਤ ਅਵਸਥਾ ਵਿੱਚ ਚਲੇ ਗਏ ਹਨ। ਉਸ ਸਮੇਂ ਸਤਿਗੁਰੂ ਜੀ ਨੇ ਬਚਨ ਕੀਤਾ- "ਗੁਲਜ਼ਾਰ ਮੇਰੀਆਂ ਲੱਤਾਂ ਹੌਲੀ ਕੁੱਟ।" ਸਰੀਰ ਜਦੋਂ ਸ਼ਾਂਤ ਹੋ ਗਿਆ ਤਾਂ ਇਹ ਵੀ ਦੜ ਕਰਕੇ ਧਰਤੀ 'ਤੇ ਜਾ ਪਿਆ। ਮਹਾਰਾਜ ਬੀਰ ਸਿੰਘ ਜੀ ਨੇ ਇਸ ਨੂੰ ਘੁੱਟ ਨੱਪ ਕੇ ਕਾਇਮ ਕੀਤਾ।

ਜਦੋਂ ਗੁਲਜ਼ਾਰ ਸਿੰਘ ਸਤਿਗੁਰੂ ਜੀ ਦੀ ਸੇਵਾ ਵਿੱਚ ਖ਼ੁਸ਼ੀਆਂ ਲੈ ਰਿਹਾ ਸੀ ਤਾਂ ਉਸ ਸਮੇਂ ਦੇ ਸੰਪਾਦਕ ਸਤਿਜੁਗ ਪ੍ਰੀਤਮ ਸਿੰਘ ਕਵੀ ਹੋਰਾਂ ਨੇ ਉੱਪਰ ਵਰਣਿਤ ਆਪਣੇ ਲੇਖ ਵਿੱਚ ਗੁਲਜ਼ਾਰ ਸਿੰਘ ਦੇ ਗੁਣ ਕਰਮਾਂ ਬਾਰੇ ਕੁਝ ਭਵਿੱਖਬਾਣੀਆਂ ਅੱਜ ਤੋਂ ਤਕਰੀਬਨ ਸੱਠ ਵਰ੍ਹੇ ਪਹਿਲਾਂ ਕੀਤੀਆਂ ਸਨ। ਪਾਠਕ ਵੇਖ ਸਕਦੇ ਹਨ ਕਿ ਸੰਤ ਜੀ ਬਾਰੇ ਕਵੀ ਦਾ ਟੇਵਾ ਕਿੰਨਾ ਸਟੀਕ ਬੈਠਣ ਵਾਲਾ ਸੀ।

"ਸ੍ਰੀ ਸਤਿਗੁਰੂ ਜੀ ਨੇ ਗੁਲਜ਼ਾਰ ਸਿੰਘ ਜੀ ਨੂੰ ਆਪਣੀ ਸੇਵਾ ਦੀ ਕਰੜੀ ਕੁਠਾਲੀ ਵਿੱਚ ਚੰਦਨੋਂ ਸ਼ੁੱਧ ਤੇ ਧਿਆਨ ਦੇ ਖਰਲ ਵਿੱਚ ਘਸਾ ਘਸਾ ਕੇ, ਸੁਰਮਿਉਂ ਵੀ ਬਾਰੀਕ ਕਰਨ ਦਾ ਮਨ ਬਣਾਇਆ ਹੋਇਆ ਹੈ। ਬੜੀ ਜ਼ਿੰਦਗੀ ਹੈ ਅਜੇ ਸਫ਼ਰ ਅਤੇ ਸਾਥ ਕਰਨ ਲਈ, ਪਰਵਾਨ ਚੜ੍ਹਨ ਦੀ ਸਾਡੀ ਅਰਦਾਸ ਹੈ, ਪਰ ਡਰ ਵੀ ਹੈ ਕਿ- ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ ਜੇ ਸਤਿਗੁਰੂ ਜੀ ਨੇ ਤੋੜ ਨਿਭਾ ਦਿੱਤੀ ਤਾਂ- ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥

ਮੇਰੀ ਰੀਝ ਹੈ ਕਿ ਪਿਆਰਾ ਗੁਲਜਾਰ ਸਿੰਘ ਸਤਿਗੁਰੂ ਜੀ ਨੂੰ ਇਨ੍ਹਾਂ ਪ੍ਰਵਾਨ ਹੋਵੇ ਕਿ ਉਸ ਦੀ ਮਨੋਕਾਮਨਾ ਪੂਰਨ ਹੋਵੇ ਅਤੇ ਉਹ ਸਾਧ ਸੰਗਤ ਵੱਲੋਂ ਇਨ੍ਹਾਂ ਨਿਰਮਾਣ ਵਤੀਰੇ ਵਾਲਾ ਸਾਬਤ ਹੋਵੇ ਕਿ ਹਰ ਕੋਈ ਸਲਾਹੁਤਾ ਕਰਦਾ ਨਾ ਥੱਕੇ। ਅਜੇ ਗੁਲਜ਼ਾਰ ਸਿੰਘ ਦੇ ਗੁਣ ਕਰਮਾਂ ਦਾ ਵਿਕਾਸ ਹੋਣਾ ਹੈ। ਜਾਪਦਾ ਹੈ ਸਤਿਗੁਰ ਭਲੀ ਕਰਨਗੇ।"

**ਸੰਪਰਕ-9996371716**

.....................................................

# ਪੁਸਤਕ ਰਿਵਿਊ

**ਦਵਿੰਦਰ ਸਿੰਘ ਗਿੱਲ 'ਜੀਆ ਨੱਥਾ'**

ਪੁਸਤਕ ਦਾ ਨਾਂ- ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ, ਇਤਿਹਾਸ ਤੇ ਬੰਸਾਵਲੀਆਂ
ਲੇਖਕ- ਬੀਬੀ ਸੂਬਾ ਸੁਰਿੰਦਰ ਕੌਰ ਖਰਲ
ਪ੍ਰਕਾਸ਼ਕ- ਬੀਬੀ ਜੀ ਆਪ
ਕੀਮਤ- 500

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੱਗਭਗ ਦਸ ਸਾਲ ਬਾਅਦ, ਚਾਲੀ ਸਾਲ ਦਾ ਕਮਾਇਆ ਸਿੱਖ ਰਾਜ ਅੰਗਰੇਜ਼ ਦੀ ਝੋਲੀ ਵਿੱਚ ਪੈ ਗਿਆ। ਸਿੱਖ ਰਾਜ ਦੇ ਪ੍ਰਸ਼ੰਸਕਾਂ ਦੀ ਦੇਸ਼ ਭਗਤੀ ਕੁਝ ਦਿਨਾਂ ਵਿੱਚ ਹੀ ਅੰਗਰੇਜ਼ ਭਗਤੀ ਵਿੱਚ ਤਬਦੀਲ ਹੋ ਗਈ ਸੀ। ਲੱਗਭਗ ਅੱਠ ਸਾਲ ਭਾਵ 1857 ਈਸਵੀ ਵਿੱਚ ਜਦੋਂ ਕਿ ਅੰਗਰੇਜ਼ ਭਗਤੀ ਦਾ ਤਸੱਲਤ ਪੰਜਾਬੀਆਂ 'ਤੇ ਭਾਰੂ ਹੋ ਗਿਆ ਸੀ। ਉਸ ਸਮੇਂ ਪੰਜਾਬ ਦੇ ਗੁੰਮਨਾਮ ਪਿੰਡ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖ਼ਾਲਸਾ ਦੀ ਸਾਜਨਾ ਕਰਕੇ ਹਿੰਦੁਸਤਾਨ ਦੀ ਕਾਇਆ ਕਲਪ ਕਰ ਦਿੱਤੀ ਅਤੇ ਲੋਕਾਈ ਨੂੰ ਜਿਊਣ ਦਾ ਢੰਗ ਦੱਸਿਆ।

ਅੰਗਰੇਜ਼ ਨੇ ਹਿੰਦੂ ਸਿੱਖ ਅਤੇ ਮੁਸਲਮਾਨਾਂ ਵਿੱਚ ਫੁੱਟ ਪਾਉਣ ਲਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅਪਣਾ ਕੇ ਪੰਜਾਬ ਵਿੱਚ ਵੱਡੇ ਸ਼ਹਿਰਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਨੇੜੇ ਬੁੱਚੜਖਾਨੇ ਖੋਲ੍ਹ ਦਿੱਤੇ। ਉਨ੍ਹਾਂ ਬੁੱਚੜਖਾਨਿਆਂ ਵਿੱਚ ਗਊ ਹੱਤਿਆ ਕਰਨ ਦੀ ਮੁਸਲਮਾਨ ਕਸਾਈਆਂ ਨੂੰ ਆਜ਼ਾਦੀ ਦਿੱਤੀ ਗਈ। ਇੱਕ ਬੁੱਚੜਖਾਨਾ ਅੰਮ੍ਰਿਤਸਰ ਸ਼ਹਿਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਘੰਟਾ ਘਰ ਵਾਲੀ ਥਾਂ ਵੱਲ ਅੰਗਰੇਜ਼ ਸਰਕਾਰ ਨੇ ਖੋਲ੍ਹਿਆ ਸੀ। ਜਿੱਥੇ ਕਸਾਈ ਗਊਆਂ ਜ਼ਿਬਾਹ ਕਰਕੇ ਉਨ੍ਹਾਂ ਦਾ ਮਾਸ ਅੰਮ੍ਰਿਤਸਰ ਸ਼ਹਿਰ ਦੀਆਂ ਗਲੀਆਂ ਵਿੱਚ ਘੁੰਮ ਫਿਰ ਕੇ ਹੋਕਾ ਦੇ ਕੇ ਵੇਚਿਆ ਕਰਦੇ ਸਨ। ਬੁਚੜਖਾਨੇ ਵਿੱਚੋਂ ਕਾਂ, ਇੱਲਾਂ ਮਾਸ ਤੇ ਹੱਡੀਆਂ ਚੁੱਕ ਕੇ ਦਰਬਾਰ ਸਾਹਿਬ ਆ ਜਾਂਦੇ ਅਤੇ ਹੱਡੀਆਂ ਤੇ ਮਾਸ ਪ੍ਰਕਰਮਾਂ ਵਿੱਚ ਖਿਲਾਰ ਦਿੰਦੇ ਸਨ। ਕਿਸੇ ਹਿੰਦੂ ਜਥੇਬੰਦੀ, ਨਿਹੰਗ ਸਿੰਘ ਜਾਂ ਕਿਸੇ ਵੀ ਸਿੱਖ ਨੇ ਉਸ ਕੁਕਰਮ ਪ੍ਰਤੀ ਆਵਾਜ਼ ਨਹੀਂ ਉਠਾਈ।

ਇੱਕ ਦਿਨ ਅਚਾਨਕ ਨਾਮਧਾਰੀ ਸਿੱਖ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਲਈ ਆਏ ਤਾਂ ਜਦੋਂ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਖਿੱਲਰੀਆਂ ਹੋਈਆਂ ਹੱਡੀਆਂ ਦੇਖੀਆਂ ਤਾਂ ਉਨ੍ਹਾਂ ਦਾ ਖੂਨ ਖੌਲ ਉੱਠਿਆ। ਉਹ ਗੁੱਸੇ ਵਿੱਚ ਭਰੇ ਪੀਤੇ ਉੱਥੋਂ ਚਲੇ ਗਏ ਅਤੇ ਗੁਰਮਤਾ ਕਰਕੇ 14 ਜੂਨ 1871 ਈਸਵੀ ਦੀ ਅੱਧੀ ਰਾਤ ਨੂੰ ਨਾਮਧਾਰੀ ਸਿੰਘ ਲਹਿਣਾ ਸਿੰਘ ਗੋਤ ਭੱਟੀ ਪਿੰਡ ਪੰਨਵਾ, ਹਾਕਮ ਸਿੰਘ ਪਟਵਾਰੀ, ਫਤਿਹ ਸਿੰਘ ਭਾਟੜਾ ਦੁਕਾਨਦਾਰ, ਬੀਹਲਾ ਸਿੰਘ ਨਾਰਲੀ, ਝੰਡਾ ਸਿੰਘ, ਲਹਿਣਾ ਸਿੰਘ ਪੁੱਤਰ ਬਲਕਾਰ ਸਿੰਘ, ਸਿਪਾਹੀ ਲਾਲ ਸਿੰਘ, ਮੇਹਰ ਸਿੰਘ ਲੋਪੋਕੇ, ਲਛਮਣ ਸਿੰਘ ਗੁਰਦਾਸਪੁਰੀ ਅਤੇ ਭਗਵਾਨ ਸਿੰਘ ਅੜਬੰਗੀ ਨੇ ਸ੍ਰੀ ਦਰਬਾਰ ਸਾਹਿਬ ਆ ਕੇ ਪ੍ਰਕਰਮਾਂ ਵੱਲੋਂ ਪੌੜੀਆਂ ਲਗਾ ਕੇ ਅੰਦਰ ਚਲੇ ਗਏ। ਪਹਿਲਾਂ ਉਨ੍ਹਾਂ ਗਊਆਂ ਆਜ਼ਾਦ ਕੀਤੀਆਂ ਅਤੇ ਬੁੱਚੜਾਂ ਨੂੰ ਤਲਵਾਰਾਂ ਨਾਲ ਮਾਰ ਕੇ ਸਿੰਘ ਉੱਥੋਂ ਹਰਨ ਹੋ ਗਏ।

ਸਤਿਗੁਰੂ ਪ੍ਰਤਾਪ ਸਿੰਘ ਜੀ 6-12-1948 ਨੂੰ ਉਪਦੇਸ਼ ਦਿੰਦੇ ਹੋਏ, ਅੰਮ੍ਰਿਤਸਰ ਦੇ ਸ਼ਹੀਦੀ ਸਾਕੇ (ਦੇਖੋ ਪੁਸਤਕ ਲਾਲ ਏਹਿ ਰਤਨ, ਪਹਿਲਾ ਹਿੱਸਾ, ਪੰਨਾ 202-203) ਬਾਰੇ ਦੱਸਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਘੰਟਾ ਘਰ ਵਾਲੀ ਬਾਹੀ ਵੱਲ ਕਾਇਮ ਕੀਤੇ ਬੁੱਚੜਖਾਨੇ ਬਾਰੇ, ਇਸ ਪ੍ਰਕਾਰ ਕ੍ਰਿਪਾ ਕਰਦੇ ਹੋਏ ਬਚਨ ਕਰਦੇ ਹਨ- "ਅੰਮ੍ਰਿਤਸਰ ਦੇ ਵਿੱਚ ਪਹਿਲਾਂ ਲਿਖ ਕੇ ਅੰਗਰੇਜ਼ਾਂ ਨੇ ਲਾਇਆ ਸੀ। ਤਾਂਬੇ ਦੇ ਪਟੇ ਉੱਤੇ ਕਿ ਇੱਥੇ ਕੋਈ ਗਊ ਬੱਧ ਨਹੀਂ ਹੋ ਸਕਦਾ। ਛਤਾਲੀ (ਸੰਨ 1846) ਵਿੱਚ ਇਹ ਲਿਖਿਆ ਔਰ ਸ਼ਾਇਦ ਉਨੰਜਾ (ਸੰਨ 1849) ਵਿੱਚ ਇਹ ਫਿਰ ਲਿਖ ਦਿੱਤਾ ਕਿ ਹਰ ਇਕ ਆਦਮੀ ਨੂੰ ਹੱਕ ਹੈ, ਆਪੋ ਆਪਣੇ ਧਰਮ ਵਿੱਚ ਰਹਿਣ ਦਾ। ਹਿੰਦੂ ਲੋਕ ਬੜੇ ਤੰਗ ਆਏ ਹੋਰ ਹਿੰਦੂਆਂ ਨੇ ਤੰਗ ਹੋ ਕੇ ਅਰਜ਼ੀਆਂ ਦਿੱਤੀਆਂ ਕਈ ਲੜਾਈਆਂ ਵੀ ਹੋਈਆਂ ਅਖੀਰ ਨੂੰ ਕਮਿਸ਼ਨਰ ਨੇ ਆ ਕੇ ਕਿਹਾ, ਅਗਰ ਕੋਈ ਐਸੀ ਗੱਲ ਕਰੇਗਾ ਅਤੇ ਗੌਰਮਿੰਟ ਨਹੀਂ ਇਹ ਜਰ ਸਕਦੀ।

ਸਿੰਘਾਂ ਨੇ ਨਾਮਧਾਰੀਆਂ ਨੇ ਕਿਆ ਦੇਖਿਆ, ਜਿੱਥੇ ਘੰਟਾ ਘਰ ਸੀ ਹੁਣ ਢਾਹ ਦਿੱਤਾ ਹੈ, ਘੰਟੇ ਘਰ ਵਾਲੀ ਜਗ੍ਹਾ ਦੇ ਚੜ੍ਹਦੇ ਪਾਸੇ ਇੱਥੇ ਬੁੱਚੜਖਾਨਾ ਬਣਾਇਆ ਗਿਆ। ਕਹਿੰਦੇ ਭਾਵੇਂ ਹੁਣ ਕੁਝ ਹਨ ਮੈਨੂੰ ਉਨ੍ਹਾਂ ਆਦਮੀਆਂ ਦੇ ਦਰਸ਼ਨ ਹੋਏ

ਹਨ। ਜਿਨ੍ਹਾਂ ਨੇ ਆਪਣੀ ਅੱਖੀਂ ਉਹ ਜਗ੍ਹਾ ਵੇਖੀ। ਹੁਣ ਹੀ ਉਨ੍ਹਾਂ ਦਾ ਸਰੀਰ ਚੱਲਿਆ ਕੋਈ ਛੇ ਸਾਲ ਜਾਂ ਸੱਤ ਸਾਲ ਹੋਏ ਹੋਣਗੇ। ਸਵਾਮੀ ਜੀ ਕਰਕੇ ਅਸੀਂ ਕਹਿੰਦੇ ਹਾਂ, ਤਖਤ ਸਿੰਘ ਜੀ ਉਨ੍ਹਾਂ ਦਾ ਨਾਂ ਸੀ। ਬੜੇ ਮਹਾਂਪੁਰਖ ਤੇ ਨੱਬੇ ਸਾਲ ਦੀ ਉਮਰ ਤੱਕ ਇੱਕ ਵਜੇ ਤੜਕੇ ਉੱਠਣਾ, ਦੋ ਵਜੇ ਪੂਰੇ ਇਸ਼ਨਾਨ ਕਰਨਾ, ਦਿਨੇ ਇੱਕ ਵਜੇ ਜੰਗਲ ਜਾਣਾ, ਦੋ ਵਜੇ ਫਿਰ ਦਿਨੇ ਇਸ਼ਨਾਨ ਕਰਨਾ, ਫੇਰ ਬੈਠਦੇ ਨਹੀਂ ਸੀ, ਕਦੇ ਜੇ ਨੀਂਦ ਆ ਜਾਏ ਖੜ੍ਹੇ ਰਹਿਣਾ ਔਰ ਭਜਨ ਕਰਦੇ ਰਹਿਣਾ। ਉਨ੍ਹਾਂ ਨੇ ਦੱਸਿਆ ਕਿ ਉੱਥੇ ਬੁੱਚੜਖਾਨਾ ਬਣਿਆ।

ਸਿੰਘ ਨਾਮਧਾਰੀ ਆਏ ਇਸ਼ਨਾਨ ਕਰਨ ਦਰਬਾਰ ਸਾਹਿਬ, ਕੀ ਦੇਖਦੇ ਹਨ? ਇੱਲਾਂ, ਗਿਰਝਾਂ ਚੁੱਕ ਚੁੱਕ ਕੇ ਉੱਥੇ ਹੱਡੀਆਂ ਸਰੋਵਰ ਵਿੱਚ ਸੁੱਟਦੀਆਂ ਹਨ। ਸਿੱਖ ਨਹੀਂ ਝੱਲ ਸਕੇ, ਨਹੀਂ ਸਤਿਗੁਰਾਂ ਨੂੰ ਪੁੱਛਿਆ, ਨਹੀਂ ਕਿਸੇ ਦੀ ਸਲਾਹ ਲਈ, ਰਾਤ ਨੂੰ ਸਲਾਹ ਕਰਕੇ, ਪ੍ਰਕਰਮਾਂ ਵਿੱਚ ਪੌੜੀ ਲਗਾਈ, ਪ੍ਰਕਰਮਾ ਚੋਂ ਪੌੜੀ ਲਾ ਕੇ ਚੜ੍ਹੇ ਬੁਚੜਖਾਨੇ ਦੇ ਉੱਤੇ, ਅੰਦਰ ਜਾ ਕੇ ਉੱਥੇ ਪਹਿਲਾਂ ਦਰਵਾਜ਼ਾ ਖੋਲ੍ਹਿਆ, ਖੋਲ੍ਹ ਕੇ ਜੋ ਗਊ ਸੀ, ਸਭ ਬਾਹਰ ਕੱਢ ਦਿੱਤੀ, ਰੱਸੇ ਵੱਢ ਕੇ। ਉਦੋਂ ਬਾਅਦ ਜਿੱਤਣੇ ਬੁੱਚੜ ਥੇ ਮਾਰ ਦਿੱਤੇ......।"

ਸਿੰਘ ਆਪਣਾ ਕਾਰਜ ਸੰਵਾਰ ਕੇ ਹਰਨ ਹੋ ਗਏ, ਰਾਤ ਦੇ ਹਨ੍ਹੇਰੇ ਵਿੱਚ ਕਿਸੇ ਨੂੰ ਕੋਈ ਪਤਾ ਨਾ ਲੱਗਾ ਕਿ ਕੌਣ ਆਇਆ ਸੀ ਤੇ ਆਪਣਾ ਕਾਰਜ ਕਰਕੇ ਕਿੱਧਰ ਚਲਾ ਗਿਆ। ਦਿਨ ਚੜ੍ਹਦੇ ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਜੰਗਲ ਦੀ ਅੱਗ ਵਾਂਗ ਬੁੱਚੜ ਬੱਧ ਦੀ ਖ਼ਬਰ ਫੈਲ ਗਈ ਅਤੇ ਫਿਰ ਲੰਡਨ ਤੱਕ ਤਾਰਾਂ ਖੜਕ ਗਈਆਂ। ਅੰਗਰੇਜ਼ ਪੁਲੀਸ ਨੇ ਸ਼ੱਕ ਦੇ ਘੇਰੇ ਵਿੱਚ ਕਈਆਂ ਲੋਕਾਂ ਨੂੰ ਪਕੜਿਆ, ਮਾਰਕੁੱਟ ਕੀਤੀ ਅਤੇ ਫਾਈਲਾਂ ਦੇ ਢਿੱਡ ਭਰ ਕੇ ਮੁਕੱਦਮਾ ਤਿਆਰ ਕਰ ਕੇ ਅਦਾਲਤ ਵਿੱਚ ਪੇਸ਼ ਕਰ ਦਿੱਤਾ।

ਉਧਰ ਨਾਮਧਾਰੀ ਸਿੰਘ ਜਿਨ੍ਹਾਂ ਨੇ ਬੁੱਚੜਾਂ ਨੂੰ ਸੋਧਿਆ ਸੀ, ਉਹ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਗਏ ਅਤੇ ਫਿਰ ਸਾਰੀ ਵਿਥਿਆ ਦੱਸੀ ਕਿ ਕਿਵੇਂ ਉਨ੍ਹਾਂ ਨੇ ਬੁੱਚੜਾਂ ਨੂੰ ਸੋਧ ਕੇ ਗਊਆਂ ਦੀ ਬੰਦ ਖ਼ਲਾਸੀ ਕਰਵਾਈ ਹੈ। ਅੱਗੋਂ ਸਤਿਗੁਰਾਂ ਨੇ ਬਚਨ ਕੀਤਾ ਕਿ ਜੇ ਤੁਸੀਂ ਫਸਲ ਬੀਜੀ ਹੈ ਤਾਂ ਉਸ ਨੂੰ ਵੱਢੋ ਵੀ, ਭਾਵ ਜੇ ਇਹ ਕਾਰਜ ਉਨ੍ਹਾਂ ਨੇ ਕੀਤਾ ਹੈ ਤਾਂ ਨਿਰਦੋਸ਼ਾਂ ਨੂੰ ਕਿਉਂ ਮਰਵਾਉਂਦੇ ਹੋ। ਆਪ ਜਾ ਕੇ ਅਦਾਲਤ ਵਿੱਚ ਪੇਸ਼ ਹੋਵੋ ਅਤੇ ਆਪਣਾ ਕਸੂਰ ਕਬੂਲ ਕਰੋ। ਸਤਿਗੁਰੂ ਜੀ ਦਾ ਬਚਨ ਮੰਨ ਕੇ ਸਾਰੇ ਨਾਮਧਾਰੀ ਸਿੰਘ ਲਹਿਣਾ ਸਿੰਘ ਪੰਨਵ, ਬੀਹਲਾ ਸਿੰਘ, ਹਾਕਮ ਸਿੰਘ ਪਟਵਾਰੀ, ਫਤਹਿ ਸਿੰਘ ਦੁਕਾਨਦਾਰ ਆਦਿਕ ਅਦਾਲਤ ਵਿੱਚ ਪੇਸ਼ ਹੋਏ ਤੇ ਆਪਣਾ ਕਸੂਰ ਮੰਨਿਆ ਅਤੇ ਵਕੂਹੇ (ਕੇਸ) ਦੇ ਸਾਰੇ ਸਬੂਤ ਅਦਾਲਤ ਵਿੱਚ ਪੇਸ਼ ਕਰ ਦਿੱਤੇ। ਅਖੀਰ ਅਦਾਲਤੀ ਕਾਰਵਾਈ ਤੋਂ ਬਾਅਦ 15 ਸਤੰਬਰ 1871 ਨੂੰ ਚਾਰ ਸਿੰਘਾਂ ਨੂੰ ਰਾਮ ਬਾਗ ਸ੍ਰੀ ਅੰਮ੍ਰਿਤਸਰ ਦੇ ਬੋਰਡ ਨਾਲ ਫਾਂਸੀ ਦੀ ਸਜ਼ਾ ਦਿੱਤੀ ਗਈ। ਹੋਰ ਮੇਹਰ ਸਿੰਘ ਲੋਪੋਕੇ, ਲਛਮਣ ਸਿੰਘ ਗੁਰਦਾਸਪੁਰੀ, ਭਗਵਾਨ ਸਿੰਘ ਅੜਬੰਗੀ ਸਿੱਖ ਭਗੌੜੇ ਕਰਾਰ ਦਿੱਤੇ ਗਏ। ਲਹਿਣਾ ਸਿੰਘ ਪੁੱਤਰ ਬਲਕਾਰ ਸਿੰਘ ਅਤੇ ਸਿਪਾਹੀ ਲਾਲ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਜਿੱਥੋਂ ਉਹ ਵਾਪਸ ਮੁੜ ਕੇ ਨਹੀਂ ਆਏ। ਝੰਡਾ ਸਿੰਘ ਪਿੰਡ ਰਾਵਲ ਠੱਠਾ ਵੀ ਭਗੌੜਾ ਹੋ ਗਿਆ ਸੀ। ਪ੍ਰੰਤੂ ਦੋ ਸਾਲ ਬਾਅਦ ਕਾਬਲ ਤੋਂ ਮੁੜ ਕੇ ਆਇਆ ਤਾਂ ਪੁਲਿਸ ਨੇ ਪਕੜ ਕੇ 12 ਅਗਸਤ 1873 ਈਸਵੀ ਨੂੰ ਛੋਟੀ ਜਿਹੀ ਅਦਾਲਤੀ ਕਾਰਵਾਈ ਕਰਕੇ ਫਾਂਸੀ ਦੀ ਸਜ਼ਾ ਦੇ ਦਿੱਤੀ। ਇਸ ਪ੍ਰਕਾਰ ਨਾਮਧਾਰੀ ਸਿੰਘ ਧਰਮ ਹੇਤ ਸੀਸ ਦੇ ਕੇ ਗਊ-ਗਰੀਬ ਦੀ ਰੱਖਿਆ ਕਰਕੇ ਇਤਿਹਾਸ ਵਿੱਚ ਆਪਣਾ ਨਾਮ ਅਮਰ ਕਰ ਗਏ।

ਨਾਮਧਾਰੀ ਇਤਿਹਾਸ ਸਾਕਿਆਂ ਬਾਰੇ ਸਤਿਗੁਰੂ ਹਰੀ ਸਿੰਘ ਜੀ ਦੇ ਗੁਰਿਆਈ ਕਾਲ ਤੋਂ ਲੈ ਕੇ ਹੁਣ ਤੱਕ ਅਨੇਕ ਪੁਸਤਕ ਗ੍ਰੰਥ ਤਿਆਰ ਹੋ ਚੁੱਕੇ ਹਨ, ਪ੍ਰੰਤੂ ਸੂਬਾ ਸੁਰਿੰਦਰ ਕੌਰ ਖਰਲ ਦਾ ਇਹ ਨਿਵੇਕਲਾ ਯਤਨ ਹੈ। ਹੁਣ ਤੱਕ ਸਾਰੇ ਵਿਦਵਾਨ ਮੱਖੀ ਤੇ ਮੱਖੀ ਹੀ ਮਾਰ ਰਹੇ ਸਨ, ਕਿਸੇ ਨੇ ਵੀ ਫੀਲਡ ਵਰਕ ਨਹੀਂ ਸੀ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਬੀਬੀ ਖਰਲ ਆਪਣੇ ਪਤੀ ਸੰਤ ਭਗਵੰਤ ਸਿੰਘ ਨਾਲ ਮਿਲ ਕੇ ਉਨ੍ਹਾਂ ਪਿੰਡਾਂ ਵਿੱਚ ਗਏ, ਜਿੱਥੋਂ ਦੇ ਪਿੰਡਾਂ ਨਾਲ ਸ਼ਹੀਦਾਂ ਦਾ ਸੰਬੰਧ ਸੀ। ਕਈ ਸ਼ਹੀਦਾਂ ਦੇ ਵਾਰਿਸ ਤਾਂ ਆਪਣੇ ਵਿਰਸੇ ਨੂੰ ਭੁੱਲ ਚੁੱਕੇ ਸਨ। ਬੀਬੀ ਖਰਲ ਨੇ ਉਨ੍ਹਾਂ ਦੇ ਵਾਰਸਾਂ ਨੂੰ ਲੱਭ ਕੇ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੇ ਚਰਨਾਂ ਵਿੱਚ ਲਿਆਂਦਾ ਅਤੇ ਉਨ੍ਹਾਂ ਨੂੰ ਨਾਮ ਦੀ ਦਾਤ ਦਿਵਾ ਕੇ ਗੁਰਸਿੱਖੀ ਦੇ ਮੰਡਲ ਵਿੱਚ ਪ੍ਰਵੇਸ਼ ਕਰਵਾਇਆ।

ਉਨਾਂ ਦੇ ਯਤਨਾਂ ਨਾਲ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਹੋਈਆਂ ਹਨ ਅਤੇ ਫਿਰ ਉਨ੍ਹਾਂ ਦਾ ਇਤਿਹਾਸ ਸਾਂਭ ਕੇ ਛੋਟੀਆਂ ਪੁਸਤਕਾਂ ਤਿਆਰ ਕਰਵਾਈਆਂ ਹਨ। ਬੀਬੀ ਖਰਲ ਦੇ ਯਤਨਾਂ ਸਦਕਾ ਸਤਿਗੁਰੂ ਜੀ ਵੱਲੋਂ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਸਾਲਾਨਾ ਮੇਲੇ ਲੱਗਦੇ ਹਨ। ਉਨ੍ਹਾਂ ਯਤਨਾਂ ਤੋਂ

ਪਹਿਲਾਂ ਕਿਸੇ ਵਿਦਵਾਨ ਨੇ ਐਸਾ ਕਾਰਜ ਨਹੀਂ ਕੀਤਾ ਸਿਰਫ਼ ਇਹ ਕਾਰਜ ਕਰਨ ਦੀ ਜ਼ਿੰਮੇਵਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਬੀਬੀ ਖਰਲ ਨੇ ਨਿਭਾਈ ਹੈ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਤਸ਼ਾਹ ਬਖਸ਼ਿਆ, ਉਨ੍ਹਾਂ ਦੀ ਹਰ ਪ੍ਰਕਾਰ ਮਾਇਆ ਆਦਿਕ ਦੀ ਮਦਦ ਕੀਤੀ ਅਤੇ ਲੋੜੀਂਦੇ ਸਾਧਨ ਮੁਹੱਈਆ ਕਰਵਾਏ। ਬੀਬੀ ਖਰਲ ਨੇ ਸ਼ਹੀਦਾਂ ਦੇ ਵਾਰਸਾਂ ਦੀਆਂ ਬੰਸਾਵਲੀਆਂ ਤਿਆਰ ਕੀਤੀਆਂ ਹਨ ਅਤੇ ਪੁਸਤਕ ਅੰਮ੍ਰਿਤਸਰ ਦਾ ਸਾਕਾ ਵਿੱਚ ਉਹ ਖੋਜ ਭਰਪੂਰ ਬੰਸਾਵਲੀਆਂ ਨੂੰ ਪ੍ਰਕਾਸ਼ਿਤ ਕੀਤਾ ਹੈ। ਪੁਸਤਕ ਦੇ 150 ਸਫ਼ੇ ਹਨ ਅਤੇ ਪਾਠਕਾਂ ਨਾਲ ਸ਼ਹੀਦਾਂ ਦੀ ਪਰਿਵਾਰਕ ਸਾਂਝ ਨੂੰ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਕਿੰਨਾ ਚੰਗਾ ਹੁੰਦਾ ਕਿ ਜੇ ਪੁਸਤਕ ਵਿੱਚ ਬੀਬੀ ਜੀ ਕਦੋਂ, ਕਿਹੜੇ ਸਾਲ ਜਾਂ ਮਹੀਨੇ ਦੀ ਤਰੀਕ ਨੂੰ ਕਿਹੜੇ-ਕਿਹੜੇ ਸ਼ਹੀਦ ਦੇ ਪਿੰਡ ਗਏ ਤੇ ਕਿਸ-ਕਿਸ ਨੂੰ ਮਿਲੇ ਅਤੇ ਇਤਿਹਾਸਕ ਸਮੱਗਰੀ ਕਿਵੇਂ ਇਕੱਠੀ ਕੀਤੀ ਗਈ, ਫਿਰ ਇਸ ਤੱਤ ਦਾ ਕਿਵੇਂ ਨਿਸਤਾਰਾ ਕੀਤਾ ਗਿਆ ਕਿ ਜੋ ਬੰਸਾਵਲੀਆਂ ਇਕੱਤਰ ਕੀਤੀਆਂ ਗਈਆਂ ਹਨ। ਇਹ ਅਸਲ ਵਾਰਿਸ ਹਨ ਇੱਥੇ ਹੀ ਬੱਸ ਨਹੀਂ ਸ਼ਹੀਦਾਂ ਦੇ ਪਿੰਡਾਂ ਵਿੱਚ ਕਦੋਂ ਯਾਦਗਾਰਾਂ ਕਾਇਮ ਕੀਤੀਆਂ ਗਈਆਂ ਅਤੇ ਉਨ੍ਹਾਂ ਦੀਆਂ ਤਸਵੀਰਾਂ ਵੀ ਦੇਣੀਆਂ ਚਾਹੀਦੀਆਂ ਸਨ।

ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੇ ਨੇੜੇ ਬੁੱਚੜਖਾਨੇ ਦੀ ਇਤਿਹਾਸਕ ਹੋਂਦ ਬਾਰੇ ਇਤਿਹਾਸਕ ਸਮੱਗਰੀ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸੀ ਕਿਉਂਕਿ ਦਰਬਾਰ ਸਾਹਿਬ ਦੇ ਨੇੜੇ ਬੁੱਚੜਖਾਨੇ ਦੀ ਹੋਂਦ ਕਾਰਨ ਹੀ ਇਹ ਇਤਿਹਾਸਕ ਘਟਨਾ ਹੋਈ ਸੀ। ਜੇਕਰ ਉੱਥੇ ਬੁੱਚੜਖਾਨਾ ਨਾ ਹੁੰਦਾ ਤਾਂ ਸ਼ਾਇਦ ਅੰਮ੍ਰਿਤਸਰ ਦਾ ਸਾਕਾ ਨਾ ਵਰਤਦਾ। ਜੇ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਵੀ ਬੁੱਚੜਖਾਨਾ ਹੁੰਦਾ ਤਾਂ ਵੀ ਸ਼ਾਇਦ ਉਹ ਇਤਿਹਾਸਕ ਘਟਨਾ ਨਾ ਹੁੰਦੀ। ਬੀਬੀ ਖਰਲ ਜੀ ਦਾ ਇਹ ਯਤਨ ਸ਼ਲਾਘਾਯੋਗ ਹੈ। ਪਾਠਕ ਇਹ ਪੁਸਤਕ ਅਵਸ਼ ਪੜ੍ਹਨ। ਸਾਨੂੰ ਆਸ ਹੈ ਕਿ ਬੀਬੀ ਜੀ ਹੋਰ ਸ਼ਹੀਦੀ ਸਾਕਿਆਂ ਨਾਲ ਸਬੰਧਿਤ ਸ਼ਹੀਦਾਂ ਦੇ ਵਾਰਸਾਂ ਦੀਆਂ ਬੰਸਾਵਲੀਆਂ ਇਕੱਤਰ ਕਰਕੇ ਪੁਸਤਕਾਂ ਪ੍ਰਕਾਸ਼ਤ ਕਰਾਉਣਗੇ ਉਨ੍ਹਾਂ ਦੀਆਂ ਹੋਰ ਪੁਸਤਕਾਂ ਦੀ ਪ੍ਰਕਾਸ਼ਨਾ ਦੀ ਉਡੀਕ ਕੀਤੀ ਜਾ ਰਹੀ ਹੈ।

**ਸੰਪਰਕ- 9417769103**

..............................................

## ਰੱਬਾ ਸੱਚਿਆ

ਰੱਬਾ ਸੱਚਿਆ ਤੂੰ ਤੇ ਆਖਿਆ ਸੀ
ਜਾ ਓਏ ਬੰਦਿਆ ਜਗ ਦਾ ਸ਼ਾਹ ਹੈਂ ਤੂੰ।
ਸਾਡੀਆਂ ਨਿਆਮਤਾਂ ਤੇਰੀਆਂ ਦੌਲਤਾਂ ਨੇ
ਸਾਡਾ ਨਾਇਬ ਤੇ ਆਲੀਜਾਹ ਹੈਂ ਤੂੰ।

ਏਸ ਲਾਰੇ 'ਤੇ ਟੋਰ ਕਦੇ ਪੁੱਛਿਆ ਈ
ਕੀਹ ਏਸ ਨਿਮਾਣੇ ਤੇ ਬੀਤੀਆਂ ਨੇ।
ਕਦੀ ਸਾਰ ਵੀ ਲਈ ਊ ਰੱਬ ਸਾਈਆਂ
ਤੇਰੇ ਸ਼ਾਹ ਨਾਲ ਜਗ ਕੀ ਕੀਤੀਆਂ ਨੇ।

ਕਿਤੇ ਧੌਂਸ ਪੁਲਿਸ ਸਰਕਾਰ ਦੀ ਏ
ਕਿਤੇ ਧਾਂਦਲੀ ਮਾਲ ਪਟਵਾਰ ਦੀ ਏ।
ਐਵੇਂ ਹੱਡਾਂ 'ਚ ਕਲਪੇ ਜਾਨ ਮੇਰੀ
ਜਿਵੇਂ ਫਾਹੀ ਚ ਕੂੰਜ ਕੁਰਲਾਂਵਦੀ ਏ।
ਚੰਗਾ ਸ਼ਾਹ ਬਣਾਇਆ ਈ ਰੱਬ ਸਾਈਆਂ
ਪੋਲੇ ਖਾਂਦਿਆਂ ਵਾਰ ਨਾ ਆਂਵਦੀ ਏ।
ਮੈਨੂੰ ਸ਼ਾਹੀ ਨਹੀਂ ਚਾਹੀਦੀ ਰੱਬ ਮੇਰੇ
ਮੈਂ ਤੇ ਇੱਜ਼ਤ ਦਾ ਟੁੱਕਰ ਮੰਗਨਾ ਹਾਂ।
ਮੈਨੂੰ ਤਾਂਘ ਨਹੀਂ, ਮਹਿਲਾਂ ਮਾੜੀਆਂ ਦੀ
ਮੈਂ ਤੇ ਜੀਵੀਂ ਦੀ ਨੁੱਕਰ ਮੰਗਨਾ ਹਾਂ।

ਮੇਰੀ ਮੰਨੇਂ ਤੇ ਤੇਰੀਆਂ ਮੈਂ ਮੰਨਾਂ
ਤੇਰੀ ਸੌਂਹ ਜੇ ਇਕ ਵੀ ਗੱਲ ਮੋੜਾਂ।
ਜੇ ਇਹ ਮੰਗ ਨਹੀਂ ਪੁਜਦੀ ਤਾਂ ਰੱਬਾ
ਫੇਰ ਮੈਂ ਜਾਵਾਂ ਤੇ ਰੱਬ ਕੋਈ ਹੋਰ ਲੋੜਾਂ।

**ਫ਼ੈਜ਼ ਅਹਿਮਦ ਫ਼ੈਜ਼**

..............................................

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

– ਹਰਪਾਲ ਸਿੰਘ ਸੇਵਕ

**ਪਿਛਲੇ ਅੰਕ ਤੋਂ ਅੱਗੇ**

ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ ਤੁਸੀ ਆਪ ਹੀ ਸਭ ਕੁਛ ਸਮਝ ਲੈਣਾ ਜੀ। ਹੋਰੁ ਜੀ ਸਭ ਨੇ ਹਥ ਜੋੜਨੇ ਪਰਮੇਸਰ ਅਗੇ। ਜੋ ਹੇ ਮਹਾਰਾਜ! ਸਾਡਾ ਧਰਮੁ ਬਨਿਆ ਰਹੇ ਜੀ। ਹੋਰ ਕਛਾ ਰਖਣੀਆਂ, ਪਉਚਾ ਪਾਕੇ ਪਉਚਾ ਲਹੁਣਾ। ਹੋਰ ਜੀ, ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀ ਕਿਸੇ ਨੇ। ਹੋਰ ਜੀ, ਕਿਸੇ ਨੇ ਧੀ ਭੈਣ ਦਾ ਪੈਸਾ ਨਹੀ ਲੈਣਾ, ਬਟਾ ਨਹੀ ਕਰਨਾ। ਸਦਾ ਗੁਰੂ ਗੁਰੂ ਜਪਦੇ ਰਹਿਣਾ।

ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾਇ ਦੇਣਾ ਜੋ ਪੰਦਰਾ ਸੋਲਾ ਬਰਸ ਤੇ ਘਟ ਕੋਈ ਨਾ ਕੁੜੀ ਬਿਆਹੇ। ਦਾਰੂ ਮਾਸ ਨਹੀਂ ਖਾਣਾ ਪੀਣਾ। ਖੌਫ ਰਖਣਾ ਗੁਰੂ ਦਾ ਹਰਿ ਦਮ।

ਇਹ ਰਹਿਤਨਾਮਾ ਉਸ ਸਮੇਂ ਦਾ ਲਿਖਿਆ ਹੈ ਜਦੋਂ ਆਮ ਤੌਰ ਤੇ ਸਾਰੇ ਲੋਕ ਜੰਗਲ-ਮੈਦਾਨ ਬਾਹਰ ਖੇਤਾਂ ਵਿਚ ਜਾਇਆ ਕਰਦੇ ਸਨ। ਨਾਮਧਾਰੀ ਸਿੰਘਾਂ ਵਿਚ ਇਹ ਵੀ ਪ੍ਰਚਲਤ ਸੀ ਕਿ ਜਲ ਦਾ ਗੜਵਾ ਅਤੇ ਸੇਲਾ ਜਾਂ ਰੰਬਾ ਨਾਲ ਲੈ ਕੇ ਜਾਣਾ, ਟੋਆ ਪੁੱਟ ਕੇ ਮਦਾਨ ਹੋ ਕੇ ਉੱਪਰ ਮਿੱਟੀ ਪਾ ਦੇਣੀ। 'ਮਦਾਨ ਬਸਤ੍ਰ ਲਾਹਿ ਕੇ ਜਾਣਾ' ਦਾ ਭਾਵ ਹੈ ਕਿ ਤੇੜ ਕਛਹਿਰਾ ਅਤੇ ਸੀਸ ਤੇ ਪਰਨਾ ਹੋਵੇ। ਬਾਕੀ ਬਸਤ੍ਰ ਜੇ ਪਾਏ ਹੋਣਗੇ ਤਾਂ ਉਹ ਅਪਵਿਤ੍ਰ ਹੋ ਜਾਣਗੇ ਫੇਰ ਧੋ ਕੇ ਸੁਕਾ ਕੇ ਹੀ ਵਰਤੇ ਜਾਣਗੇ। 'ਪਉਚਾ ਪਾ ਕੇ ਪਉਚਾ ਲਾਹੁਣਾ' ਭਾਵ ਕਛਿਹਰੇ ਦੇ ਦੋਵੇਂ ਪਉਚੇ ਕਦੇ ਨਹੀਂ ਲਾਹੁਣੇ। ਜੇ ਕਿਸੇ ਵੇਲੇ ਗਲਤੀ ਨਾਲ ਲਹਿ ਜਾਣ ਤਾਂ ਪੰਜੀ ਪਾਠ ਜਪੁ ਸਾਹਿਬ ਦੇ ਕਰਨ ਦਾ ਹੁਕਮ ਹੈ। ਜੇ ਕਿਤੇ ਕਛਿਹਰਾ ਪੁੱਠਾ ਪੈ ਜਾਵੇ ਤਾਂ ਪੰਜ ਪਾਠ ਜਪੁ ਸਾਹਿਬ ਦੇ ਕਰਨੇ। ਜੇ ਕਿਸੇ ਵੇਲੇ ਸੁਪਨ-ਦੋਸ਼ ਹੋ ਜਾਵੇ ਤਾਂ ਇਕ ਪਾਠ ਜਪੁ-ਜਾਪੁ ਦਾ ਕਰਨ ਦੀ ਮਰਿਯਾਦਾ ਹੈ। 'ਦਾਰੂ ਮਾਸ ਨਹੀਂ ਖਾਣਾ ਪੀਣਾ।' ਹੋਰ ਹੁਕਮਨਾਮਿਆਂ ਵਿਚ ਜੋ ਆਪ ਨੇ ਜਲਾਵਤਨੀ ਦੌਰਾਨ ਰੰਗੂਨ ਤੋਂ ਸੰਗਤ ਦੇ ਨਾਮ ਭੇਜੇ ਹਨ। ਮਾਸ, ਸ਼ਰਾਬ ਤੋਂ ਵਾਰ-ਵਾਰ ਵਰਜਿਆ ਹੈ। 'ਮਾਸ ਤੇ ਛਰਾਵ, ਇਹ ਦੋਨੋਂ ਨਹੀਂ ਵਰਤਨੇ ਇਹ ਤਾਂ ਮਲੇਛਾਂ ਦਾ ਖਾਣਾ ਹੈ। ਇਹ ਖਾਣੇ ਸੇ ਮਲੇਛ ਬੁਧੀ ਹੋਇ ਜਾਂਦੀ ਹੈ।' ਮਾਸ, ਸ਼ਰਾਬ, ਤੰਬਾਕੂ ਆਦਿ ਦੇ ਤਿਆਗ ਬਾਰੇ ਪੁਰਾਤਨ ਰਹਿਤਨਾਮਿਆਂ ਵਿਚ ਬਹੁਤ ਜਗ੍ਹਾ ਜਿਕਰ ਹੈ-

– ਭਾਂਗ ਤੰਮਾਕੂ ਨਿਕਟ ਨ ਜਾਵੈ॥
ਤਿਨ ਤੇ ਭੀ ਸੁਚਿ ਦੇਗ ਕਰਾਵੈ॥
ਬਕਰਾ ਝਟਕਾ ਬੀਚ ਨ ਕਰੈ॥
ਅਵਰ ਮਾਸ ਨਹਿ ਲੰਗਰ ਧਰੈ॥
– ਰਹਿਤਵਾਨ ਸਿੰਘ ਹੈ ਜੋਈ॥
ਲੋਭਿ ਛੋਡਿ ਜਾਨਹੁ ਨਹਿ ਹੋਈ॥
ਗੁਰੂ ਕਾ ਰੂਪ ਸਬਨ ਮੈ ਦੇਖੈ।
ਮਦਰਾ ਮਾਸ ਨ ਖਾਇ ਬਿਸੇਖੈ॥

-(ਰਹਿਤਨਾਮਾ ਭਾਈ ਦੇਸਾ ਸਿੰਘ)

ਨਾਮਧਾਰੀ ਸਿੱਖ ਪੂਰੀ ਤਰ੍ਹਾਂ ਸ਼ਾਕਾਹਾਰੀ ਅਤੇ ਹਰ ਤਰ੍ਹਾਂ ਦੇ ਨਸ਼ੇ ਤੋਂ ਪਰਹੇਜ਼ ਕਰਦੇ ਹਨ। ਏਥੋਂ ਤੱਕ ਕਿ ਚਾਹ ਅਤੇ ਕਾਫੀ ਵੀ ਵਿਵਰਜਿਤ ਹੈ ਕਿਉਂਕਿ ਇਨ੍ਹਾਂ ਵਿਚ ਨਿਕੋਟੀਨ ਅਤੇ ਕੈਫੀਨ ਨਸ਼ੀਲੇ ਤੱਤ ਪਾਏ ਜਾਂਦੇ ਹਨ। ਇਹੋ ਨਿਕੋਟੀਨ ਦਾ ਤੱਤ ਤੰਮਾਕੂ ਵਿਚ ਵੀ ਹੁੰਦਾ ਹੈ। ਗੁਰਮਤਿ ਵਿਚ ਉਹ ਸਾਰੇ ਪਦਾਰਥ ਵਿਵਰਜਿਤ ਹਨ ਜੋ ਸਿਹਤ ਨੂੰ ਖਰਾਬ ਕਰਨ ਅਤੇ ਮਨ ਵਿਚ ਵਿਕਾਰ ਪੈਦਾ ਕਰਨ-

ਬਾਬਾ ਹੋਰੁ ਖਾਣਾ ਖੁਸੀ ਖੁਆਰੁ।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਸਿਰੀ ਰਾਗ ਮ:੧ ਅੰਕ ੧੬)

ਸਿੱਖ ਧਰਮ ਇਕ ਵਿਗਿਆਨਕ ਧਰਮ ਹੈ। ਬੇਸ਼ੱਕ ਵਿਗਿਆਨ ਦੇਰ ਨਾਲ ਉਸ ਸਦੀਵੀ ਸੱਚ ਨੂੰ ਜਾਣੇ, ਪਰ ਗੁਰਮਤਿ ਜੀਵਨ ਜਾਚ ਵਿਗਿਆਨਕ ਕਸਵੱਟੀ ਤੇ ਪੂਰੀ ਉਤਰਦੀ ਹੈ। ਆਧੁਨਿਕ ਸਿਹਤ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਮਾਸਾਹਾਰ ਅਤੇ ਹਰ ਤਰ੍ਹਾਂ ਦੇ ਨਸ਼ੇ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ।

**ਬਿਬੇਕੀ ਰਹਿਤ:** ਬਿਬੇਕ ਦੀ ਰਹਿਤ ਰੱਖਣ ਵਾਲੇ ਸਿੰਘਾਂ ਨੂੰ ਨਾਮਧਾਰੀ ਸਿੱਖਾਂ ਵਿਚ ਸੋਧੀ ਸਿੰਘ ਕਿਹਾ ਜਾਂਦਾ ਹੈ। ਪਾਣੀ ਇਸ਼ਨਾਨ ਲਈ ਵੀ ਅਤੇ ਪੀਣ ਲਈ ਵੀ ਖੂਹ, ਨਦੀ, ਨਹਿਰ, ਚਸ਼ਮੇ ਆਦਿ ਦਾ ਕੁਦਰਤੀ ਸੁੱਚਾ ਜਲ ਹੀ ਪ੍ਰਵਾਨ ਹੈ। ਨਲਕੇ ਦਾ, ਬੋਰ ਦਾ, ਟੂਟੀ ਦਾ ਪਾਣੀ ਸੁੱਚਾ ਨਹੀਂ ਮੰਨਿਆ ਜਾਂਦਾ। ਵਿਗਿਆਨਕ ਤੌਰ ਤੇ ਵੀ ਪਾਣੀ ਜੋ ਧਰਤੀ, ਧੁੱਪ ਅਤੇ ਹਵਾ ਦੇ ਸੰਪਰਕ ਵਿਚ ਹੁੰਦਾ ਹੈ ਉਸਦਾ ਸ਼ੁਧੀਕਰਣ

ਹੁੰਦਾ ਰਹਿੰਦਾ ਹੈ। ਬਰਤਨ ਵੀ ਪਲਾਸਟਿਕ ਜਾਂ ਚੀਨੀ ਦੇ ਨਹੀਂ, ਲੋਹੇ ਜਾਂ ਸਟੀਲ ਆਦਿ ਧਾਤੂਆਂ ਦੇ ਬਰਤਨ ਰੇਤਾ ਨਾਲ ਮਾਂਜ ਕੇ ਸੁੱਚੇ ਮੰਨੇ ਜਾਂਦੇ ਹਨ। ਸਾਬਣ, ਸਰਫ ਨਾਲ ਧੋਤੇ ਬਰਤਨ ਸੁੱਚੇ ਨਹੀਂ ਮੰਨੇ ਜਾਂਦੇ। ਸਰਫ ਆਦਿ ਨਾਲ ਸਫਾਈ ਹੋ ਜਾਂਦੀ ਹੈ, ਪਰ ਪਵਿੱਤਰਤਾ ਲਈ ਰੇਤੇ ਨਾਲ ਮਾਂਜਣੇ ਜਰੂਰੀ ਹਨ ਜਿਸਨੂੰ ਸੁਕਮਾਂਜ ਕਰਨਾ ਕਿਹਾ ਜਾਂਦਾ ਹੈ। ਜੰਗਲ-ਮੈਦਾਨ ਹੋ ਕੇ ਸੱਤ ਵਾਰ ਰੇਤੇ ਨਾਲ ਹੱਥ ਮਾਂਜੇ ਜਾਂਦੇ ਹਨ। ਇਸ਼ਨਾਨ ਕਰਕੇ ਧੋਤੇ ਹੋਏ ਸੁੱਚੇ ਬਸਤਰ ਪਹਿਨਣੇ, ਜੋ ਜੰਗਲ ਮੈਦਾਨ ਜਾਣ ਸਮੇਂ ਨਾ ਪਾਏ ਹੋਣ, ਲੰਗਰ ਵੀ ਸੋਧ ਮਰਿਯਾਦਾ ਦੇ ਧਾਰਨੀ, ਸੋਧੀ ਸਿੰਘਾਂ ਦੁਆਰਾ ਹੀ ਤਿਆਰ ਕੀਤਾ ਹੋਵੇ। ਸੋਧੀ ਸਿੰਘ ਜੇ ਸੌਂ ਗਿਆ ਹੋਵੇ ਜੰਗਲ ਮੈਦਾਨ ਜਾਵੇ ਫੇਰ ਇਸ਼ਨਾਨ ਕਰਕੇ ਹੀ ਅੰਨ ਪਾਣੀ ਛਕ ਸਕੇਗਾ। ਆਮ ਤੌਰ ਤੇ ਸੋਧੀ ਸਿੰਘ ਦਿਨ ਵਿਚ ਘੱਟੋ-ਘੱਟ ਦੋ ਵਾਰ ਤਾਂ ਇਸ਼ਨਾਨ ਕਰਦੇ ਹੀ ਹਨ। ਇਸ਼ਨਾਨ ਹਮੇਸ਼ਾਂ ਸਣੇ ਕੇਸੀ ਹੀ ਕਰਨਾ ਹੁੰਦਾ ਹੈ। ਇਸ਼ਨਾਨ ਦੀ ਮਹੱਤਤਾ ਰਾਗ ਮਾਝ ਵਿਚ ਗੁਰੂ ਨਾਨਕ ਦੇਵ ਜੀ ਲਿਖਦੇ ਹਨ-

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।

ਮੁਸਲਮਾਨ ਵੀ ਇਸ਼ਨਾਨ ਕਰਕੇ ਨਮਾਜ ਪੜਦੇ ਹਨ ਅਤੇ ਹਿੰਦੂ ਵੀ ਇਸ਼ਨਾਨ ਕਰਕੇ ਪੂਜਾ ਅਰਚਨਾ ਕਰਦੇ ਹਨ। 'ਨਾਵਨਿ ਸਦਾ ਸੁਜਾਣੀ'- ਸੁਜਾਣ ਪੁਰਖ, ਸਿਆਣੇ ਆਦਮੀ ਰੋਜ਼ ਇਸ਼ਨਾਨ ਕਰਦੇ ਹਨ। ਅਗਲੀ ਪੰਗਤੀ ਵਿਚ ਸਪਸ਼ਟ ਕੀਤਾ ਹੈ ਕਿ ਇਸ਼ਨਾਨ ਉਹੀ ਪ੍ਰਵਾਨ ਹੈ ਜੋ ਸਣੇ ਕੇਸੀ ਹੋਵੇ।

ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ।

ਪੁਰਾਣੇ ਸਮੇਂ ਵਿਚ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਨਿਹੰਗ ਸਿੰਘ ਫਿਰਦੇ ਹੁੰਦੇ ਸਨ। ਜੇ ਕੋਈ ਇਸ਼ਨਾਨ ਕਰਨ ਵੇਲੇ ਟੁੱਭੀ ਨਾ ਲਾਵੇ ਤਾਂ ਉਹਨਾ ਆਖਣਾ 'ਓਇ ਕੱਚਿਆ ਪਿੱਲਿਆ ਤੂੰ ਗੁਰੂ ਕੇ ਸਰੋਵਰ ਵਿਚ ਆਇਆ ਹੈਂ, ਸਣੇ ਕੇਸੀ ਇਸ਼ਨਾਨ ਕਰ, ਟੁੱਭਾ ਲਾ।'

**ਜਲ ਵਰਤਨਾ:** ਪਿਸ਼ਾਬ ਕਰਨ ਵੇਲੇ, ਪਾਣੀ ਨਾਲ ਪਵਿਤ੍ਰ ਹੋਣ ਨੂੰ ਜਲ ਵਰਤਨਾ ਆਖਿਆ ਜਾਂਦਾ ਹੈ। ਸੋਧੀ ਸਿੰਘ ਨੇ ਜਦੋਂ ਸੋਧ ਦਾ ਇਸ਼ਨਾਨ ਕੀਤਾ ਹੋਵੇ ਅਜੇ ਲੰਗਰ ਛਕਣਾ ਹੋਵੇ ਤਾਂ ਜਲ ਵੀ ਸੋਧ ਦਾ, ਵਾਂਸ ਦੀ ਮੁਰਲੀ ਜਾਂ ਸੁਕਮਾਜ ਗਲਾਸ ਆਦਿ ਨਾਲ ਵਰਤਿਆ ਜਾਂਦਾ ਹੈ ਅੱਗੋਂ ਪਿਛੋਂ ਪਲਾਸਟਿਕ ਦੀ ਸ਼ੀਸ਼ੀ ਵੀ ਜਲ ਵਰਤਨ ਲਈ ਵਰਤੀ ਜਾਂਦੀ ਹੈ। ਜਲ ਵਰਤ ਕੇ ਪੰਜ ਇਸ਼ਨਾਨਾ (ਹੱਥ, ਪੈਰ ਤੇ ਮੂੰਹ ਧੋਣਾ ਅਤੇ ਚੁਲਾ ਕਰਨਾ) ਜਰੂਰੀ ਹੈ।

ਨਾਮਧਾਰੀ ਸਿੰਘਾਂ ਵਾਸਤੇ ਬਜਾਰ ਦਾ ਭੋਜਨ ਤਾਂ ਵਿਵਰਜਿਤ ਹੀ ਹੈ ਸਗੋਂ ਬੇਸ਼ੱਕ ਆਪਣੇ ਰਿਸਤੇਦਾਰ ਹੋਣ, ਜੇ ਮਰਯਾਦਾ ਦਾ ਧਾਰਨੀ ਨਹੀਂ ਤਾਂ ਉਨ੍ਹਾਂ ਦਾ ਭੋਜਨ ਵੀ ਮਨ੍ਹਾ ਹੈ। ਪੁਰਾਣੇ ਸਮੇਂ ਪਿੰਡਾਂ ਵਿਚ ਖੂਹਾਂ ਤੇ ਬੋਕੇ ਚਲਦੇ ਸਨ। ਪਰ ਨਾਮਧਾਰੀ ਸਿੰਘ ਆਪਣਾ ਗੜਵਾ ਡੋਰੀ ਨਾਲ ਰੱਖਦੇ, ਲੋਕ ਬੋਲੀਆਂ ਵਿਚ ਵੀ ਪ੍ਰਚਲਤ ਸੀ-

ਕੂਕਿਆਂ ਦਾ ਪੰਥ ਨਿਰਾਲਾ..
ਹੱਥਾਂ ਦੇ ਵਿਚ ਗੜਵੇ ਰਖਦੇ ਗਲ ਵਿਚ ਉਨ ਦੀ ਮਾਲਾ।

ਸਮਕਾਲੀ ਬਾਰਾਂ ਮਾਂਹ ਵਿਚ ਨਾਮਧਾਰੀਆਂ ਦੇ ਜੀਵਨ ਅਤੇ ਰਹਿਤ ਬਾਰੇ ਸੰਤ ਨਿਹਾਲ ਸਿੰਘ ਲਿਖਦੇ ਹਨ-

ਚੇਤਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ।
ਸਿੰਘ ਹੋਇ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾ, ਕੇਸ, ਕਿਰਪਾਨ, ਕਛ, ਕੜਾ ਇਹ ਪਛਾਣ,
ਏਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜਦੇ ਗ੍ਰੰਥ,
ਇਕ ਉਠ ਪ੍ਰਭਾਤੇ ਵਾਰ ਆਸਾ ਦੀ ਲਗਾਂਵਦੇ॥

ਅੱਗੇ ਵੈਸਾਖ ਅਤੇ ਜੇਠ ਮਹੀਨੇ ਦੀਆਂ ਕੁਝ ਪੰਗਤੀਆਂ ਦ੍ਰਿਸ਼ਟੀ ਗੋਚਰ ਹਨ-

ਸਿੰਘ ਜਪਦੇ ਨੇ ਨਾਮ ਨਾਲੇ ਔਰਾਂ ਕੋ ਜਪਾਨ,
ਰਾਤ ਪਹਿਰ ਰਹਿੰਦੀ ਨ੍ਹਾਣ ਇਹੋ ਰੋਜ਼ ਦਾ ਵਿਹਾਰ ਜੀ।
ਸਣੇ ਕੇਸੀਂ ਇਸ਼ਨਾਨ ਕਛ ਲਾਹੁਣ ਦੂਜੀ ਪਾਣ,
ਮਨੋ ਮੂਲ ਨਾ ਭੁਲਾਣ ਸੇਵਨ ਸੱਚਾ ਕਰਤਾਰ ਜੀ।

ਅਤੇ

ਜੇਠ ਜੁਗਤ ਪਛਾਣੀ ਹੱਥੀਂ ਆਪ ਪੀਣ ਪਾਣੀ,
ਕੀਤੇ ਬਾਝ ਇਸ਼ਨਾਨ ਪਰਸ਼ਾਦ ਨਹੀਂ ਛਕਦੇ।

ਭਾਈ ਦਇਆ ਸਿੰਘ ਜੀ ਦੇ ਰਹਿਤਨਾਮਿਆਂ ਵਿਚ ਜਿਕਰ ਹੈ-

-ਗੁਰੂ ਕਾ ਸਿੱਖ ਜੂਠਾ ਕਰਕੇ ਕਿਸੇ ਨੂੰ ਭੋਜਨ ਨਾ ਦੇਵੈ।
-ਗੁਰੂ ਕਾ ਸਿੱਖ ਗੁਰਮੰਤ੍ਰ ਬਿਨਾ ਨਾ ਹੋਵੈ।
-ਗੁਰੂ ਕਾ ਸਿੱਖ ਭਜਨਵਾਨ ਪ੍ਰਸਾਦਿ ਮ੍ਰਿਜਦਾ ਕਾ ਖਾਏ।

**ਚਲਦਾ.......**

# *Jap Paryog* --- An Experiment in Meditation

**- Mohinder Singh Kuka**

*Jap Paryog* is a religious, rational, spiritual practice and a unique experiment in meditation. Observance of physical purity and mental piety is a must for its participant and practitioner. It is a practical course in self-discipline, meditation, spiritual orientation, and self-realization. It is a conscientious effort in streamlining yourself to merge with the mainstream, all-pervading Truth and universal Super Consciousness. Your day begins soon after midnight. You are physically and mentally awake when most of the world is asleep in deep slumber. After relieving yourself, you bathe from head to feet with the water directly drawn from a natural source, wear clean clothes, join the congregation of the seekers of Truth and sit for meditation in calm and quiet, pure and pious environment. You are calm and composed and fully focused on the Supreme Being. Your body sits in lotus-posture and, by seeking the grace of your *Guru,* your mind concentrates on the always active and blissful Divine Presence prevalent within you and all-around you. Even if a fragment of the first two-hours of meditation fructifies in linking you with that Invisible Divine Power, it is a sure-shot sign of your being on the right path. Control, focus and connect your mind to your innermost Being, to your Soul- the abode of God- and ensure that it does not waver or roam in different directions.

Meditation is a centripetal activity to arrest, tame and control the centrifugal nature of your mind. Slowly and steadily, you have to master your mind and instill in it the sense of discipline so as to over-ride its wavering nature and make it your obedient servant. You have to purge and empty your mind from all other thoughts in order to acquire a state of thoughtlessness-- a pre-requisite for result-oriented meditation. Control your mind with dexterity like a trained photographer technically handles and focuses his camera in order to get a perfect picture.

For the next two hours or so, you are made to listen the soft classical music emanating from the musical instruments being played and you hearken to the scriptural ambrosial-hymns being sung by the professional *Raagis* while you continue with your meditation on the Lord's Name with more concentration and keenness. The *Gurbani* hymns get super-imposed on the waves of the music. Your mind also gets modulated on these waves and you get synchronized to your Lord-- the focus of your meditation. Your tongue ceaselessly but softly repeats the Name of the Benevolent Lord with His universal attributes which our great *Gurus* have advised us to imbibe and adhere to in our day-to-day life. During this period, you are blessed with the personal *Holy Darshan*--- the divine vision and aura of *Sri Satguru Ji* who is the spiritual mentor of the congregation present here and elsewhere. You consciously bow to His Benevolence because you experience a supernatural bliss, the Joy of all joys, on seeing Him blessing the congregation with His benign presence. You

feel as if something subtle and sublime has penetrated in and enveloped your whole Being. Here you perceive a wondrous world entirely different from the material one. Here, you see yourself being welcomed and received by Him with His divine love which makes you ecstatic. Your entire Being reverberates with a spiritual frenzy and you are overwhelmed by an otherworldly, supernatural state of mind.

Hours pass but you remain unconscious of the passage of time. You have already entered a state of timelessness. You do not wish to return to your mundane existence. But the Prayer ending the 'Wee-hours Session' transports you back to the earthly world. The day breaks and the sunrays get spread over the eastern horizon. By this time, you are expected to finish the recitation of *Chandi Di Vaar* as it has been ordained by *Sri Satguru Ram Singh Ji.* Outside, the birds have already started chirping and flying. The needs of your physical body ask you to return to earth. But much before the day dawns, this truth has dawned upon you that the blissful Joy which you have enjoyed in the ambrosial hours is highly soothing and comforting, that you have set yourself on the right path which will soon enable you to have a glimpse of the Almighty God. This ecstatic experience prepares you for the 'Afternoon Session' of the *Jap Paryog*. Henceforth, you will automatically get accustomed to this refreshing but somewhat rare routine. This meditative experience would soon lead you to the realization that nothing is inimical, that everything is permeated by Divine Love. Days and even months would pass like this, but you do not get tired of this seemingly hectic routine. It would soon become an integral part of your daily life.

*Jap Paryog* is a conscious and rigorous experiment in meditation. It is a consistent and persevering effort to uplift yourself to those spiritual realms wherein you get freed from the shackles of your ephemeral body and the uncertainty of the ever-changing physical world. Meditation transforms your life and liberates your soul. It is the practical way of living a simple, austere, spiritual and subtle life in an exceptional ambience profusely charged with the divine vision and love of your Spiritual Master who Himself practices it and shows you the way how to do it.

When most of the people are busy in enjoying corrupt and unethical living and are also badly engrossed in an unending rat-race for lust and debauchery, ill-earned and easy money, accumulation of wealth and property, craze for shameless fashions, adultery and self-indulgence etc., our spiritual mentor *Sri Satguru Ji* asks us to shun such *Satanic* evils and quit all those desires that bind us to the acquisition of material things and futile worldly pursuits.

By asking us to participate in *Jap Paryog,* His Holiness *Sri Satguru Ji* asks us to live in the company of Sikh saints and scriptures, restrain our desires, control our passions and put an end to our mental distractions, and worldly attachments. He, in a way, teaches us the art of living i.e. living a most disciplined, dedicated, rational, spiritual and devotional life. The practice of living a pious and chaste life puts us on the path of physical purity and mental piety. On the one hand, meditation uplifts us from the mere animal-like existence and enlightens us about the subtle meaning and aim of human life-- Its highest purpose, knowledge of Self and realization of the Divine Creator. On

the other hand, the practice of regular meditation internally transforms and transports us to the remotest heavenly regions to which no man-made machine can carry us. At least once a week, the participants are asked to observe strict silence from dawn to dusk.

Sikhism does not profess or propagate a secluded or isolated life. Guru Nanak and his successors have told us to keep away from the distractions of the material world much like a lotus flower keeps itself aloof and unaffected from the stagnant and stinking water it springs from. In order to meditate, we neither need to retire to the forests, mountains or caves, nor do we need to live a celibate life. On the other hand, we are advised to marry and fulfill our family and social obligations by means of earning our livelihood through sincere and hard-work. At the same time, we are enjoined to lead a life of simple living and high thinking, of thanksgiving, remembering and concentrating on the omnipresent Supreme Power who has given us this human form which even gods and angels crave for.

Without doubt, meditation aims at regularly remembering the Almighty God but its goal is much bigger and much higher than generally conceived. Meditation is meant to emancipate ourselves from the cycle of birth and death in this very life. As we are given this human life to live but once, we must utilize it to fulfill that foremost purpose. As all the rivers and streams merge with the ocean, a sincere and conscientious merger with God is our supreme mission as well as the highest aim of meditation.

As a farmer removes the harmful weeds from his fields to ensure the proper growth of the real crops that he has sown, so must we clean our body and mind and get rid of the filth and clutter which obstructs our spiritual growth. As a clean body, washed clothes and hygienic, home-cooked, balanced vegetarian food along with a neat and tidy residence are important essentials for our healthy and disease-free physical growth, a regular and conscientious meditation is also necessary for our mental and spiritual development. The meditative exercise of *Jap Paryog* demands from us the purification of our body, mind, word and deed. It also requires our mental immersion in the most pious pool of the nectarous Name and Attributes of the Supreme Being. All spiritually conscientious persons need to pursue this practice of meditation throughout their lives and even up to their last breath.

Meditation imparts a subtle significance to our life. By dwelling upon the supremacy, goodness and benevolence of God; by loving and treating equally one and all; by selflessly serving the needy and the distressed; by helping the poor and the downtrodden-- we march ahead on the moral front. But by sifting the subtle from the gross, by seeking the guidance, protection and blessings of our *Satguru,* we progress on the pilgrimage towards our divine destination. Meditation is meant to seek the grace of God, to feel his constant and worthy presence in and around us, and to have faith in the righteousness of our decisions and deeds and finally in the Almighty's Divine Judgement. The practice of meditation and participation in the *Jap Paryog* makes us subtle and sublime, enlightened and emancipated.

Mobile : 9599120028

# ਬੀਤੇ ਦੀਆਂ ਪੈੜਾਂ– ਕਵੀ ਪ੍ਰੀਤਮ ਸਿੰਘ

## (ਅਣਛਪਿਆ–ਭਾਗ)

**ਪਿਛਲੇ ਅੰਕ ਤੋਂ ਅੱਗੇ**

**12 ਸਤੰਬਰ 1986, ਸ਼ੁੱਕਰਵਾਰ, ਬੈਂਕੋਕ (ਥਾਈਲੈਂਡ)**

**ਸੇਠ ਜੀ ਦੇ ਬੰਗਲੇ –** ਪ੍ਰਤੀਤ ਹੁੰਦਾ ਹੈ, ਥਾਈਲੈਂਡ ਦੇ ਦੌਰੇ ਲਈ ਇਹ ਸੁਖਾਵਾਂ ਮੌਸਮ ਹੈ। ਰਾਤ ਰੱਜਵੀਂ ਵਰਖਾ ਹੋ ਗਈ। ਐਤਕਾਂ ਗਰਮੀ ਦਾ ਪ੍ਰਕੋਪ ਨਹੀਂ। ਵਾਤਾਵਰਣ ਪ੍ਰਸੰਨਤਾ ਦੇਣ ਵਾਲਾ ਹੈ। ਸੇਠ ਤਰਲੋਕ ਸਿੰਘ ਦੇ ਬੰਗਲੇ ਸਾਡੇ ਸਭਨਾਂ ਦੇ ਕਮਰਿਆਂ ਵਿੱਚ ਏਅਰ ਕੰਡੀਸ਼ਨ ਘੂਕਦੇ ਹਨ। ਹਲਕੇ-ਫੁਲਕੇ ਡੀਜ਼ਾਈਨ ਦਾ, ਪਰ ਨਵੇਕਲੀ ਛਬ ਵਾਲਾ ਬੰਗਲਾ ਸ਼ੋਭਾ ਸਥਾਨ ਬਣਿਆ ਹੋਇਆ ਹੈ। ਸ੍ਰੀ ਸਤਿਗੁਰੂ ਜੀ ਤੇ ਆਪ ਜੀ ਦੀ ਸੇਵਾ ਵਿੱਚ ਪਧਾਰੇ ਜਥੇ ਦੀਆਂ ਰੌਣਕਾਂ ਤਾਂ ਹੈਨ ਹੀ, ਹੋਰ ਵੀ ਦੂਰ-ਦਰਾਜ਼ ਇਲਾਕਿਆਂ ਵਾਲੇ ਨਾਮਧਾਰੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਸੁਣਨ ਅਤੇ ਗੁਰੂ ਕੇ ਦਰਸ਼ਨਾਂ ਦਾ ਲਾਭ ਲੈਣ ਵਾਸਤੇ ਇਕੱਤ੍ਰ ਹੋ ਰਹੇ ਹਨ।

ਬੀਬੀ ਮਹਿੰਦਰ ਕੌਰ ਸੇਠਣੀ ਦੇ ਵਰ੍ਹੀਣੇ ਨੇ ਇਹ ਦਿਨ ਲੈ ਆਂਦਾ ਹੈ ਕਿ ਸ੍ਰੀ ਸਤਿਗੁਰੂ ਜੀ ਉਸਨੂੰ ਨਿਵਾਜਣ, ਉਹਦੀ ਸੇਵਾ ਅਤੇ ਪ੍ਰੇਮ ਭਾਵਨਾ ਦੀ ਕਦਰ ਵਜੋਂ ਏਥੇ ਪਧਾਰੇ ਹਨ। ਅੱਜ ਮਹਿੰਦਰ ਕੌਰ ਭਾਵੇਂ ਸਾਨੂੰ ਨਜ਼ਰ ਨਹੀਂ ਆ ਰਹੀ, ਪਰ ਉਸਦੇ ਨਿਵਾਸ ਵਿੱਚ ਅੰਮ੍ਰਿਤ ਵੇਲੇ ਤੋਂ ਰਾਗੀ ਸਿੰਘਾਂ ਵੱਲੋਂ ਬੜਾ ਸੁਰੀਲਾ ਕੀਰਤਨ ਕੀਤਾ ਗਿਆ।

ਘਾਹ ਕਿੱਤੇ ਅਤੇ ਮੇਰੂ ਕੱਦੇ ਬਿਰਛਾਂ ਦੇ ਵਿਚਾਲੇ ਬੇ-ਦੁਆਰ ਹਾਲ ਵਿੱਚ ਕੀਰਤਨ ਅਤੇ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਪ੍ਰੇਮਣ ਤੇ ਨਾਮ ਜਪਣ ਵਾਲੀ ਬੈਂਕੋਕ ਦੀ ਸੰਗਤ, ਜਿਸ ਵਿੱਚ ਕਰੋੜਾਂ ਪਤੀ, ਲੱਖਾਂ ਪਤੀ ਅਤੇ ਹਜ਼ਾਰਾਂ ਪਤੀ ਹਨ, ਇੱਕੋ ਚੰਗੇ ਸਥਾਨ ਤੇ ਬਰਾਬਰ ਬੈਠੀ ਕੀਰਤਨ ਤੇ ਦਰਸ਼ਨਾਂ ਦਾ ਆਨੰਦ ਮਾਣਦੀ ਰਹੀ। 6 ਵਜੇ ਸਵੇਰੇ ਵਾਰ ਦਾ ਭੋਗ ਪੈ ਗਿਆ। ਸੰਤ ਨਾਰਾਇਣ ਸਿੰਘ ਨਰੂਲਾ ਵੱਲੋਂ ਕੀਤੀ ਗਈ ਅਰਦਾਸ ਸਾਰਿਆਂ ਦੇ ਹਿਰਦੇ ਵਿੱਚ ਉਤਰਦੀ ਹੈ। ਗਿਆਨੀ ਹਰਬੰਸ ਸਿੰਘ ਨੇ ਸਾਰੇ ਦਿਨ ਦੇ ਕਾਰਜ ਕਰਮ ਦੀ ਸੂਚਨਾ ਦਿੱਤੀ ਕਿ ਸਵੇਰ ਦਾ ਲੰਗਰ ਸੇਠ ਚਾਵਲਾ ਦੇ ਬੰਗਲੇ ਵਿਖੇ ਹੀ ਹੈ।

**ਨਾਇਲਕ ਨੂੰ ਦਰਸ਼ਨ –** ਸ੍ਰੀ ਸਤਿਗੁਰੂ ਜੀ 7 ਵਜੇ ਆਪਣੇ ਇੱਕ ਪ੍ਰੇਮੀ ਸਿੱਖ ਸੰਤ ਮਹਿੰਦਰ ਸਿੰਘ ਨਾਇਲਕ ਦੀ ਖ਼ਬਰ ਨੂੰ ਗਏ ਹਨ। ਸੰਤ ਨਾਇਲਕ ਲੰਮੇ ਤਮੇਂ ਤੋਂ ਬਿਮਾਰ ਚਲਿਆ ਆਉਂਦਾ ਹੈ। ਸੇਠ ਸੋਹਣ ਸਿੰਘ ਚਾਵਲਾ ਅਮਰੀਕਾ ਤੋਂ ਆਪਣੀ ਮਾਤਾ ਦੇ ਵਰ੍ਹੀਣੇ ਵਿੱਚ ਸ਼ਾਮਲ ਹੋਣ ਲਈ ਪਹੁੰਚ ਗਿਆ ਸੀ। ਮੈਂ ਸੇਠ ਅਵਤਾਰ ਸਿੰਘ ਸਚਦੇਵ ਬਾਰੇ ਅਫ਼ਸੋਸ ਕਰਨ ਹਿਤ ਉਨ੍ਹਾਂ ਦੇ ਘਰ ਗਿਆ। ਸੇਠ ਜਗਤਾਰ ਸਿੰਘ ਸਚਦੇਵ ਮੇਰੇ ਨਾਲ ਸਨ।

**ਘੁੰਮਣ ਅਤੇ ਸੁਖਦੇਵ ਸਿੰਘ ਨੂੰ ਮਾਣ –** ਸਤਿਗੁਰੂ ਜੀ ਦੇ ਨਾਲ ਆਏ ਜਥੇ ਵਿੱਚ ਸੰਤ ਅਵਤਾਰ ਸਿੰਘ ਘੁੰਮਣ ਤੇ ਸ. ਸੁਖਦੇਵ ਸਿੰਘ ਸੰਤ ਨਗਰ ਵਾਲੇ ਸਮੇਤ ਪਰਿਵਾਰ ਆਏ ਹੋਏ ਹਨ। ਉਹਨਾਂ ਨੂੰ ਮਾਣ ਬਖਸ਼ਣ ਅਤੇ ਬੀਬੀਆਂ ਨੂੰ ਨਿਵਾਜਣ ਪੂਰਬੇ ਨੇ ਦੱਸਿਆ ਕਿ ਚਾਰ ਵਜੇ ਸੱਚੇ ਪਾਤਸ਼ਾਹ ਜੀ ਬੈਂਕੋਕ ਵਿੱਚ ਕਿਤੇ ਸਮੁੰਦਰੀ ਜੀਵਾਂ ਦੇ ਸਜੀਵ ਸੰਗ੍ਰਹਿ ਵਖਾਣ ਲਈ ਲੈ ਗਏ, ਜਿੱਥੇ ਸਾਗਰੀ ਜੰਤ ਸ਼ੀਸ਼ੇਬੰਦ ਜਲ ਵਿੱਚ ਕੈਦ ਕੀਤੇ ਹੋਏ ਹਨ। ਸਭ ਲੋਕ ਇਹ ਜੀਵ-ਸੰਗ੍ਰਹਿ ਵੇਖਣ ਆਉਂਦੇ ਹਨ। ਉਪਰੰਤ 5 ਵਜੇ ਧਰਮਸਾਲਾ 55 ਵਿੱਚ ਦਰਸ਼ਨ ਦੇ ਕੇ ਬੈਂਕੋਕ ਦੀ ਸੰਗਤ ਨਾਲ ਇੱਕ ਘੰਟਾ ਨਾਮ ਸਿਮਰਨ ਕੀਤਾ। ਉਪਰੰਤ ਪੰਡਤ ਗੋਪਾਲ ਸਿੰਘ ਨੇ ਮਨ, ਬੁੱਧੀ, ਚਿੱਤ ਬਾਰੇ ਰੁਚੀਕਰ ਢੰਗ ਨਾਲ ਵਿਖਿਆਨ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨੂੰ ਸ਼ਕਤੀ ਰੂਪ ਦਰਸਾ, ਵਾਚਨ ਸਮਾਪਤ ਕੀਤਾ। ਹੁਕਮ ਅਨੁਸਾਰ ਪੰਡਤ ਜੀ ਦੇ ਕਥਨ ਦਾ ਸੰਤ ਨਰੈਣ ਸਿੰਘ ਨਰੂਲਾ ਨੇ ਪੰਜਾਬੀ ਨਾ ਜਾਣਦੇ ਬੱਚਿਆਂ ਲਈ ਥਾਈ ਭਾਸ਼ਾ ਵਿੱਚ ਅਨੁਵਾਦ ਸੰਗਤ ਵਿੱਚ ਸੁਣਾਇਆ।

7 ਵਜੇ 'ਛਤ੍ਰਧਾਰੀ ਛਤ੍ਰਪਤੀ ਛਤ੍ਰ ਨਾਥ' ਧਰੁਪਦ ਅਤੇ ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ-ਰਾਗੀਆਂ ਵਲੋਂ ਕੀਰਤਨ ਹੋ ਕੇ ਦੀਵਾਨ ਸਮਾਪਤੀ ਦੀ ਅਰਦਾਸ ਹੋਈ ਅਤੇ ਏਥੇ ਹੀ ਸਾਧ ਸੰਗਤ ਵੱਲੋਂ ਸੇਠ ਤਰਲੋਕ ਸਿੰਘ ਦਾ ਸੇਠਣੀ ਮਹਿੰਦਰ ਕੌਰ ਨਮਿਤ ਲੰਗਰ ਪਰਵਾਨ ਕੀਤਾ ਗਿਆ।

## 13 ਸਤੰਬਰ 1986, ਸ਼ਨੀਵਾਰ, ਬੈਂਕੋਕ (ਥਾਈਲੈਂਡ)

**ਸ. ਰਣਜੀਤ ਸਿੰਘ ਖੰਨਪੁਰੀ ਵਲੋਂ ਸੇਵਾ ਸਤਿਕਾਰ –** ਗਿਆਨੀ ਹਰਬੰਸ ਸਿੰਘ ਵਲੋਂ ਰਾਤ ਦੇ ਦੀਵਾਨ ਵਿੱਚ ਕੀਤੇ ਗਏ ਐਲਾਨ ਅਨੁਸਾਰ ਸਵੇਰੇ ਅੰਮ੍ਰਿਤ ਵੇਲੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਸ. ਰਣਜੀਤ ਸਿੰਘ ਖੰਨਪੁਰੀ ਦੇ ਗ੍ਰਹਿ ਅਤੇ ਦੁਕਾਨ 132/12-13 ਵੌਂਗ ਮਿਨ ਜਾਇ ਮਾਰਕੀਟ, ਥੋਨਬੁਰੀ ਵਿਖੇ ਆਸਾ ਦੀ ਵਾਰ ਦਾ ਆਨੰਦ ਬਖਸ਼ਦਾ ਕੀਰਤਨ ਹੋਇਆ। ਘੁੱਲਾ-ਪਿੰਕੀ ਅਤੇ ਆਜ਼ਾਦ ਪਰਵਾਰ ਦੀਆਂ ਮੁਖ ਸੁਰਾਂ ਨੇ 5.45 ਵਜੇ ਤੱਕ ਸਮਾਂ ਬੰਨ੍ਹੀ ਰੱਖਿਆ। ਦੂਰ ਨੇੜੇ ਦੇ ਸਾਰੇ ਇਲਾਕਿਆਂ ਵਿੱਚੋਂ ਸੰਗਤ ਹੁੰਮ-ਹੁਮਾ ਕੇ ਆਈ। ਇਸ ਇਲਾਕੇ ਵਿੱਚ ਇਹ ਦੇਵਤਿਆਂ ਦਾ ਇਕੱਠ ਹੀ ਜਾਪਦਾ ਸੀ। ਦੀਵਾਨ ਦੀ ਸਮਾਪਤੀ ਉਪਰੰਤ, ਸ੍ਰੀ ਸਤਿਗੁਰੂ ਜੀ ਦਾ ਜਲਪਾਨ ਜਥੇ ਦਾ ਸਨਮਾਨ ਅਤੇ ਸਧ ਸੰਗਤ ਦੇ ਨਾਸ਼ਤੇ ਦੀ ਸੇਵਾ ਕਰ, ਖੰਨਪੁਰੀ ਪਰਵਾਰ ਨੇ ਗੁਰੂ ਕੇ ਜਥੇ ਨੂੰ ਮਾਇਆ, ਬਸਤਰ, ਮਾਲਾਵਾਂ ਨਾਲ ਨਿਵਾਜਿਆ।

**ਚਰਨ ਪਾਉ ਪ੍ਰੋਗਰਾਮ –** ਬੈਂਕੋਕ ਦੀ ਸੰਗਤ ਦੀ ਰਵਾਇਤ ਹੈ, ਜਦੋਂ ਵੀ ਸੱਚੇ ਪਾਤਸ਼ਾਹ ਏਥੇ ਦਰਸ਼ਨ ਦੇਣ, ਘਰ-ਘਰ ਚਰਨ ਪੁਆਉਣ ਦਾ ਪ੍ਰੋਗਰਾਮ ਬਣ ਜਾਂਦਾ ਹੈ। 5-4 ਕਾਰਾਂ ਵਿੱਚ ਸੰਗਤ ਆਪਣੇ ਸਤਿਗੁਰੂ ਜੀ ਦੀ ਤਾਬਿਆ ਵਿੱਚ ਹੁੰਦੀ ਹੈ ਅਤੇ ਸੱਚੇ ਪਾਤਸ਼ਾਹ ਸੇਵਕਾਂ ਦੇ ਘਰੀਂ ਚਰਨ ਪਾਉਣ ਜਾਂਦੇ ਹਨ। ਸੇਵਕ ਸ੍ਰੀ ਸਤਿਗੁਰੂ ਜੀ ਦੇ ਘਰ ਪਧਾਰਨ ਤੇ ਧੰਨ ਭਾਗ ਸਮਝਦੇ ਹਨ ਤੇ ਸੁਆਗਤ ਹਿਤ ਸੋਫੇ ਪਲੰਘ ਵਿਛਾ ਕੇ ਰੱਖਦੇ ਹਨ। ਸਤਿਗੁਰੂ ਜੀ ਦੇ ਪਧਾਰਨ 'ਤੇ ਯਥਾ ਸ਼ਕਤ ਮਾਇਆ, ਬਸਤਰ, ਫੁੱਲ, ਫਲ ਆਦਿ ਭੇਟਾ ਧਰਦੇ ਹਨ। ਨਾਲ ਆਈ ਸੰਗਤ ਨੂੰ ਵੀ ਫਲ-ਬਦਾਮ ਆਦਿ ਪਦਾਰਥ ਪ੍ਰਸ਼ਾਦ ਵਜੋਂ ਦਿੱਤੇ ਜਾਂਦੇ ਹਨ। ਇਸ ਕਾਰਜ ਦੇ ਮੁੰਤਜ਼ਿਮ ਸੰਤ ਨਰੈਣ ਸਿੰਘ ਨਰੂਲਾ ਗੁਰਦੁਆਰਾ ਸਕੱਤਰ ਹੁੰਦੇ ਹਨ ਅਤੇ ਉਹ ਗੁਰੂ ਕੀ ਹਜ਼ੂਰੀ ਵਿੱਚ ਰਹਿ ਨਿਸਚਿਤ ਕੀਤੇ ਸਥਾਨਾਂ 'ਤੇ ਦੀਨ ਦਿਆਲ ਜੀ ਨੂੰ ਲੈ ਜਾਂਦੇ ਹਨ।

ਅੱਜ ਹੇਠ ਲਿਖੇ ਅਨੁਸਾਰ ਪਰਵਾਰਾਂ ਦੇ ਘਰੀਂ ਚਰਨ ਪਾਉਣ ਦੀ ਕਿਰਪਾ ਕੀਤੀ ਗਈ-

1. ਸ. ਜਗਜੀਤ ਸਿੰਘ ਆਜ਼ਾਦ
2. ਸ. ਅਵਤਾਰ ਸਿੰਘ ਮੋਂਗਾ
3. ਸੰਤ ਗੁਰਬਖਸ਼ ਸਿੰਘ ਹੰਸ
4. ਬੀਬੀ ਗੁਰਨਾਮ ਕੌਰ ਸਪੁੱਤਰੀ ਹੰਸ ਜੀ
5. ਸ. ਇੰਦਰ ਦਮਨ ਸਿੰਘ
6. ਸ. ਸਾਧੂ ਸਿੰਘ
7. ਸੰਤ ਸਰਦੂਲ ਸਿੰਘ ਠਕੁਰਾਲ
8. ਪੰਡਿਤ ਜਗਜੀਤ ਸਿੰਘ
9. ਸ. ਜਗਜੀਤ ਸਿੰਘ ਸੇਠੀ
10. ਸ. ਹਰਦੀਪ ਸਿੰਘ ਮੋਂਗਾ
11. ਸ. ਗੁਰਮੁਖ ਸਿੰਘ ਖੰਨਪੁਰੀ ਲੰਬੜਦਾਰ
12. ਸ. ਕਪੂਰ ਸਿੰਘ ਗੋਰੋਵਾੜਾ
13. ਸ. ਅਜੀਤ ਸਿੰਘ ਖੰਨਪੁਰੀ
14. ਸ. ਸਰਦੂਲ ਸਿੰਘ ਨਰੂਲਾ
15. ਸ. ਗੁਰਮੁਖ ਸਿੰਘ ਮੋਂਗਾ
16. ਸ. ਅਤਰ ਸਿੰਘ ਖੁਰਾਣਾ
17. ਸਪੁੱਤਰ ਪੰ. ਜੁਗਿੰਦਰ ਸਿੰਘ ਪੋਤਰਾ ਪੰ. ਮੱਯਾ ਸਿੰਘ
18. ਸ. ਸਤਨਾਮ ਸਿੰਘ ਖੁਰਾਣਾ
19. ਸ. ਮੋਹਨ ਸਿੰਘ ਗੁਲਾਟੀ
20. ਸ. ਸੁਰਜੀਤ ਸਿੰਘ ਸਚਦੇਵ
21. ਬੀਬੀ ਬੰਤੀ ਦਾ ਵੱਡਾ ਦਾਮਾਦ
22. ਸ. ਬਹਾਦਰ ਸਿੰਘ ਖੁਰਾਣਾ
23. ਸ. ਬਾਲ ਸਿੰਘ ਸੇਠੀ
24. ਸ. ਪਿਆਰਾ ਸਿੰਘ ਕੁਕਰੇਜਾ
25. ਸ. ਵਜਿੰਦਰ ਸਿੰਘ ਟੱਕਰ
26. ਬੀਬੀ ਰਾਮ ਪਿਆਰੀ ਖਾਣੀਜੋਂ
27. ਸ. ਮਨਜੀਤ ਸਿੰਘ ਮਨਚੰਦਾ
28. ਸ. ਹਰਮੀਤ ਸਿੰਘ ਗੋਰੋਵਾੜਾ
29. ਸ. ਜਸਵੰਤ ਸਿੰਘ ਮੋਂਗਾ
30. ਸ. ਹਰਮੰਦਰ ਸਿੰਘ ਖੁਰਾਣਾ
31. ਸ. ਮਹਿੰਦਰ ਸਿੰਘ ਮੋਂਗਾ
32. ਸ. ਦਲਜੀਤ ਸਿੰਘ ਮੋਂਗਾ
33. ਸ. ਮਨਮੋਹਨ ਸਿੰਘ ਖੰਨਪੁਰੀ, ਡੇਹਰਾਦੂਨੀਆ
34. ਪੰ. ਜੁਗਿੰਦਰ ਸਿੰਘ
35. ਸ. ਰਘੁਬੀਰ ਸਿੰਘ ਗੰਭੀਰ
36. ਸ. ਬਲਦੇਵ ਸਿੰਘ ਖੰਨਪੁਰੀ
37. ਸ. ਅਵਤਾਰ ਸਿੰਘ ਖਾਣੀਜੋਂ

38. ਸ. ਕੁਲਦੀਪ ਸਿੰਘ ਸਬਾਜਪੁਰੀ
39. ਸ. ਕੇਹਰ ਸਿੰਘ ਗੋਰੋਵਾੜਾ
40. ਸ. ਮਹਿੰਦਰ ਸਿੰਘ ਨਰੂਲਾ ਤਪੇ
41. ਸ. ਗੁਰਜੀਤ ਸਿੰਘ ਚਾਵਲਾ
42. ਸ. ਸਤਪਾਲ ਸਿੰਘ ਗੁਲ੍ਹਾਟੀ
43. ਸ. ਸਰਦੂਲ ਸਿੰਘ ਜ਼ਰਗਰ
44. ਸ. ਕਰਤਾਰ ਸਿੰਘ ਮਲਹੋਤਰਾ
45. ਸ. ਸੇਵਾ ਸਿੰਘ ਰਾਣੀ ਸਿਲਕ
46. ਸ. ਅਜੀਤ ਸਿੰਘ ਸਚਦੇਵ
ਸਪੁੱਤ੍ਰ ਸ. ਸੇਵਾ ਸਿੰਘ
47. ਸ. ਅਮਰੀਕ ਸਿੰਘ ਜ਼ਰਗਰ
48. ਸ. ਹਰਭਜਨ ਸਿੰਘ ਨਿਰਮਲ
49. ਸ. ਹਰਜੀਤ ਸਿੰਘ ਅਰੋੜਾ
50. ਸ. ਬਸੰਤ ਸਿੰਘ ਜ਼ਰਗਰ
51. ਸ. ਮੋਹਰ ਸਿੰਘ ਖੁਰਾਣਾ
52. ਸ. ਅਵਤਾਰ ਸਿੰਘ ਸਚਦੇਵ
53. ਸ. ਰਛਪਾਲ ਸਿੰਘ ਖਾਣੀਜੋਂ
54. ਸ. ਸੁਦਰਸ਼ਨ ਸਿੰਘ ਖਾਣੀਜੋਂ
55. ਬੀਬੀ ਮਨਜੀਤ ਕੌਰ ਖਰਬੰਦਾ
56. ਪੰਡਿਤ ਸੇਵਾ ਸਿੰਘ
57. ਸ਼੍ਰੀ ਭੋਲਾ ਸਪੁੱਤ੍ਰ ਸੰਤ ਮੰਗਲ ਸਿੰਘ
58. ਸ. ਸੰਤੋਖ ਸਿੰਘ ਖਬਰੰਦਾ
59. ਸ. ਤਰਲੋਕ ਸਿੰਘ ਜ਼ਰਗਰ
60. ਸ. ਅਜਾਇਬ ਸਿੰਘ ਜ਼ਰਗਰ
61. ਸ. ਸੁਰਜੀਤ ਸਿੰਘ ਖੁਰਾਣਾ
62. ਸ. ਬਿਅੰਤ ਸਿੰਘ ਗੁਲਾਟੀ
63. ਸ. ਨਿਰੰਕਾਰ ਸਿੰਘ ਗੋਰੋਵਾੜਾ
64. ਸ. ਬਿਅੰਤ ਸਿੰਘ ਮਲਹੋਤਰਾ
65. ਡਾ. ਹਰਚਰਨ ਸਿੰਘ ਗੋਰੋਵਾੜਾ
66. ਸ. ਪ੍ਰਿਥੀਪਾਲ ਸਿੰਘ ਕੁਮਾਰ
67. ਪੰਡਿਤ ਹਰੀ ਸਿੰਘ
68. ਸ. ਨਰੈਣ ਸਿੰਘ ਖੰਨਪੁਰੀ
69. ਸ. ਅਵਤਾਰ ਸਿੰਘ ਬੁਧੀਰਾਜਾ
70. ਸ. ਜਗਜੀਤ ਸਿੰਘ ਮਾਟਾ
71. ਸ਼੍ਰੀ ਠਾਕਰ ਬੁਧੀਰਾਜਾ
72. ਸ. ਦਰਸ਼ਨ ਸਿੰਘ ਟੱਕਰ
73. ਸ. ਯਸ਼ਪਾਲ ਸਿੰਘ ਸਚਦੇਵ

ਥੋਨਬੁਰੀ ਦੇ ਇਸ ਇਲਾਕੇ ਵਿੱਚ ਪੈਂਦੇ ਘਰਾਂ ਵਿਖੇ, ਸ. ਸੁਰਜੀਤ ਸਿੰਘ ਗਾਂਧੀ ਨਗਰ, ਸ. ਪ੍ਰਿਥੀਪਾਲ ਸਿੰਘ, ਸ. ਸ਼ਰਨਪਾਲ ਸਿੰਘ ਅਤੇ ਸ. ਪ੍ਰਿਤਪਾਲ ਸਿੰਘ ਹੁਰਾਂ ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਰਹਿ ਕੇ ਚਰਨ ਪੁਆਏ। ਸਾਰੇ ਕਾਰਜ ਦੀ ਸਮਾਪਤੀ 6 ਤੋਂ ਲੈ ਕੇ 9:15 ਤੱਕ ਹੋ ਗਈ।

**ਸਾਜਨ ਢਿੱਲੋਂ ਨਾਲ ਥੋੜ੍ਹਾ ਚਿਰ –** ਸੇਠ ਤਰਲੋਕ ਸਿੰਘ ਹੁਰਾਂ ਮੇਰਾ ਡੇਰਾ ਉਸ ਕਮਰੇ ਵਿੱਚ ਲੁਆਇਆ, ਜਿਸਨੂੰ ਬੀਬੀ ਮਹਿੰਦਰ ਕੌਰ ਚਾਵਲਾ ਆਪਣੇ ਨਿਜ ਦੇ ਕਮਰੇ ਵਜੋਂ ਤਿਆਰ ਕਰਵਾ ਰਹੀ ਸੀ। ਏਥੇ ਮੈਨੂੰ ਆਪਣਾ ਸਾਥ ਦੇਣ ਲਈ ਸ਼੍ਰੀ ਸੰਤੋਖ ਸਿੰਘ ਸਾਜਨ ਅਤੇ ਮੇਰਾ ਵੱਡਾ ਜੁਆਤਰਾ ਸ. ਬਲਬੀਰ ਸਿੰਘ ਢਿੱਲੋਂ ਆ ਬੈਠੇ। 12 ਵੱਜਦੇ ਨੂੰ ਸੇਠ ਜਗਤਾਰ ਸਿੰਘ ਸਚਦੇਵ ਦਾ ਫੋਨ ਆਇਆ : ਇੱਕ ਵਜੇ ਤਿਆਰ ਰਹਿਣਾ, ਥੋੜ੍ਹਾ ਘੁਮਾ ਫਿਰਾ ਲਿਆਵਾਂਗੇ।

**ਸੇਠ ਜਗਤਾਰ ਸਿੰਘ ਦੀ ਦੁਕਾਨ 'ਤੇ –** ਪੂਰੇ ਇੱਕ ਵਜੇ ਸੇਠ ਜਗਤਾਰ ਸਿੰਘ ਆਏ ਅਤੇ ਕਾਰ ਵਿੱਚ ਬਹਾਲ ਸਾਨੂੰ ਤਿੰਨਾਂ ਨੂੰ ਲੈ ਗਏ। ਕੱਲ, ਉਹ ਆਪਣੇ ਘਰ ਲੈ ਗਏ ਸਨ ਅਤੇ ਅੱਜ ਆਪਣੀ ਦੁਕਾਨ ਅਤੇ ਦਫ਼ਤਰ ਵਿੱਚ। ਸੇਠ ਮੋਹਰ ਸਿੰਘ ਦੀ ਪੁੱਤਰੀ ਇਨ੍ਹਾਂ ਦੀ ਨੂੰਹ ਹੈ। ਸੁਖੁਮਵਿਟ ਰੋਡ, ਜਿਸਦੀ ਬੈਂਕੋਕ ਵਿੱਚ ਬੜੀ ਮਹਾਨਤਾ ਹੈ, ਉੱਤੇ ਸੇਠ ਮੋਹਰ ਸਿੰਘ ਦੀ ਦੁਕਾਨ ਵਿੱਚ ਇਨ੍ਹਾਂ ਦੇ ਐਕਸਪੋਰਟ ਮਾਲ ਲਈ ਸ਼ੋ ਰੂਮ ਹੈ। ਉਪਰਲੀ ਛੱਤੇ ਸਿਲੇ ਸਿਲਾਏ ਰੇਸ਼ਮੀ ਬਸਤਰ ਯੂਰਪੀਨਾਂ ਅਤੇ ਅਮਰੀਕਨਾਂ ਲਈ ਅਤੇ ਦੂਜੀ ਛੱਤ ਉੱਤੇ ਇਸ ਸਾਰੇ ਜੁਗਾੜ ਲਈ ਦਫਤਰ ਹੈ। ਸੇਠ ਜਗਤਾਰ ਸਿੰਘ ਦੇ ਲੜਕੇ ਰਘੁਬੀਰ ਸਿੰਘ (20) ਅਤੇ ਸੁਖਦੇਵ ਸਿੰਘ (22) ਰੁਝੇਵੇਂ ਵਿੱਚ ਹਨ।

ਸੇਵਾ ਸਤਿਕਾਰ ਕਰਕੇ ਸੇਠ ਸਚਦੇਵ ਸਾਨੂੰ ਭਗਵਾਨ ਬੁੱਧ ਦੇ ਹੀਰਕ ਮੰਦਰ ਵਿੱਚ ਲੈ ਗਏ ਅਤੇ ਫਿਰ ਸੇਠ ਜਸਪਾਲ ਸਿੰਘ ਕੇ ਘਰ ਛਕਣ-ਛਕਾਣ ਕਰਕੇ ਧਰਮਸਾਲਾ ਵਿੱਚ ਲੈ ਆਏ। ਸੇਠ ਜਸਪਾਲ ਸਿੰਘ ਹਰਟ ਅਤੇ ਸ਼ੂਗਰ ਦੇ ਮਰੀਜ਼ ਹਨ। ਦਵਾਈਆਂ, ਸੂਇਆਂ ਦੇ ਆਸਰੇ ਚੱਲਦੇ ਫਿਰਦੇ ਹਨ, ਬੱਚਿਆਂ ਨੇ ਕਾਰੋਬਾਰ ਠੀਕ ਤਰ੍ਹਾਂ ਸੰਭਾਲ ਲਿਆ ਹੈ, ਇਸ ਗੱਲੋਂ ਇਨ੍ਹਾਂ ਨੂੰ ਬੇਫ਼ਿਕਰੀ ਹੈ। ਸੇਠ ਜਗਤਾਰ ਸਿੰਘ ਛੋਟਾ ਅਤੇ ਜਸਪਾਲ ਸਿੰਘ ਵੱਡਾ ਭਾਈ ਹੈ। ਦੋਵੇਂ ਸਚਦੇਵ ਮੇਰੇ ਸਵਰਗਵਾਸੀ ਮਿੱਤਰ ਸੰਤ ਖਜ਼ਾਨ ਸਿੰਘ ਇਨਸਾਫ ਦੀ ਸੰਤਾਨ ਸਿੰਘ। ਇਨ੍ਹਾਂ ਦਾ ਤੀਜਾ ਤੇ ਵੱਡਾ ਭਾਈ ਸੇਠ ਅਵਤਾਰ ਸਿੰਘ ਬੀਤੇ ਸਾਲ ਸੁਰਗਵਾਸ ਹੋ ਗਿਆ ਸੀ।

**ਚਲਦਾ..........**

# A Saga Of
# Sri Satguru Jagjit Singh Ji

Dr. Sharada Jayagovind

**Chapter 4**

**Music - The Divine Gift**

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥

Raag naad sabh sach hai kimat kahi na jae.

Raag and divine music are true; they are priceless, their value cannot be expressed.

"The Sikh holy books say that music brings one closer to God and it is invaluable. Without music, one cannot fathom the will of God."

-Satguru Jagjit Singh ji

Devotional music is an integral part of Sikhism. When Guru Nanak and Bhai Mardana with his rabab roamed on the face of earth, singing the glory of God, Gurmat Sangeet was born. Music in Sikhism is a means to reach God and singing kirtans is a mode of worship which tunes the mind towards the Almighty. Many sikh Gurus were great musicians and the tradition continues with Namdhari Sikh Gurus too.

Both Satguru Partap Singh ji and Satguru Jagjit Singh ji had der knowledge of Hindustani classical music and Gurmat Sangeer Namdhari Gurus attach great significance to singing of kirtane during the Asa di Vaar, the morning congregational prayers. Musicians accompany the Satgurus during their travels to Namdhari sangats all over the world. Devotional music plays a major role in drawing people to God and Guru.

Devotional music was a non-violent weapon used by Satguru Ram Singh ji to unite the Kukas and fight the British rule. In 1872, the British authorities deported Satguru Ram Singh ji to Rangoon. During those days of political turbulence, the Gurbani and naam were the only solace. Satguru Hari Singh ji, the brother of the exiled Spiritual Master, was a patron of Gurmat Sangeet. His Holiness patronised twenty-two pairs of raagis or Gurmat musicians. His son, Satguru Partap Singh ji, who grew up in this atmosphere of devotional music, was also an ardent lover of Hindustani classical music.

**Satguru Partap Singh ji's contribution to music**

After Satguru Partap Singh ji ascended the throne in 1906, he took upon himself the task

of reviving and restoring Hindustani classical music to its pristine glory. His Holiness invited maestros of classical music and Gurmat Sangeet to Sri Bhaini Sahib to perform and teach music. Sri Bhaini Sahib became the home of Talwandi Gharana style of singing. Many renowned musicians and rababis stayed in Sri Bhaini Sahib and taught Gurmat Sangeet and classical music.

During the British rule, Indian devotional music suffered due to lack of patronage. The condition of musicians, especially the rababis, was deplorable. They languished in poverty and neglect. Satguru Partap Singh ji took special efforts to locate them, bring them to Sri Bhaini Sahib and took care of all their needs.

Sant Darshan Singh ji and Sant Khajan Singh ji were famous kirtan singers who accompanied Satguru Partap Singh ji during his travels and rendered verses from the Gurbani. Generations of Namdharis grew up listening to their kirtans. Satguru Partap Singh ji used to sing devotional songs both in classical and folk style with cymbals and hand drums. He would render Dhamaar and Punjabi Theka and reach a state of bliss while singing. His Holiness had such deep knowledge of music that he taught many nuances in taaland raag to the students.

Satguru Jagjit Singh ji always acknowledged that his innovations in music were due to the inspiration and guidance given by his father. Music was a compulsory subject of study at the Namdhari Gurmat Vidyalya at Sri Bhaini Sahib and Guru Hari Singh Vidyalya at Sri Jiwan Nagar.

Satguru Partap Singh ji and Satguru Jagjit Singh Ji realized the importance sung in of preserving the rare compositions traditional raags, which would have been lost if transferred to the new generation of musicians.

From childhood, Satguru Jagjit Singh ji grew up with my musicians. He started learning classical music at the age and-a-half and remained an avid learner all his life. His moments were in the company of musicians. His fathers Partap Singh ji, was instrumental in nourishing and nurtu this love for music in his sons. Both Patsha ji and Mahar Singh ji could sing and play the dilruba. The other students music included Tara Singh ji, Kavi Pritam Singh ii. Pandia Rajinder Singh ji and Seth Hazur Singh Chandrahansji.

Satguru Partap Singh ji made special efforts to gather a galaxy of Ustads which included Ustad Udho Khan ji from Talwandi Gharana and Ustad Harnam Singh ji, who taught students many rare compositions of music.

**To be continued......**

# ਕਾਵਿ-ਕਿਆਰੀ

## .ਗ਼ਜ਼ਲ

ਸੁੱਕ ਨਾ ਕਿਧਰੇ ਜਾਣ ਇਹ ਸਰਵਰ ਸਾਂਭ ਲਵੋ।
ਸੋਹਣੇ ਸੋਹਣੇ ਦਿਲਕਸ਼ ਮੰਜ਼ਰ ਸਾਂਭ ਲਵੋ।

ਆਉਣ ਵਾਲੀਆਂ ਨਸਲਾਂ 'ਤੇ ਕੁਝ ਤਰਸ ਕਰੋ,
ਬਿਰਖ, ਬੂਟੜੇ, ਸਾਵੇ ਪੱਤਰ ਸਾਂਭ ਲਵੋ।

ਇਹਨਾਂ ਵਿੱਚ ਹੀ ਰਾਜ ਰੌਸ਼ਨੀ ਦਾ ਛੁਪਿਐ ,
ਜਿਓਣ ਜੋਗਿਓ ਪੈਂਤੀ ਅੱਖਰ ਸਾਂਭ ਲਵੋ।

ਚੰਨ, ਤਾਰਿਆਂ ਨੂੰ ਵੀ ਇੱਕ ਦਿਨ ਤਰਸੋਗੇ,
ਅਜੇ ਵਕਤ ਹੈ, ਨੀਲਾ ਅੰਬਰ ਸਾਂਭ ਲਵੋ।

ਬਿਨਾਂ ਲਗਾਮੋਂ ਭੱਜਿਆ ਇਹ ਬਾਜ਼ਾਰ ਫਿਰੇ,
ਸੱਜਣੋ, ਆਪੋ ਆਪਣੀ ਚਾਦਰ ਸਾਂਭ ਲਵੋ।

ਉਹ ਵੀ ਜਿਓਂਦੇ ਜਾਗਦਿਆਂ ਵਿੱਚ ਹੋ ਜਾਊ,
'ਲੋਚੀ' ਦੇ ਬਸ ਚੰਦ ਕੁ ਅੱਖਰ ਸਾਂਭ ਲਵੋ!

**ਤ੍ਰੈਲੋਚਨ 'ਲੋਚੀ'**

.................................................

## ਕਬਿੱਤ

ਧੰਨ ਗੁਰੂ ਜਗਜੀਤ ਦੀਨ ਕਉ ਦਯਾਲ ਭਯੋ
ਕਲਯੁਗ ਮਾਹਿ ਜਿਸ ਨਾਮ ਕੋ ਜਪਾਯੋ ਹੈ।
ਨਾਮ ਦਾਨ ਇਸ਼ਨਾਨ ਸੁੱਚ ਸੋਧ ਗਯਾਨ ਧਯਾਨ
ਜਪ ਤਪ ਬਾਣੀ ਪ੍ਰਵਾਹ ਕੋ ਚਲਾਯੋ ਹੈ।
ਸਫ਼ਲ ਸਫ਼ਲ ਸਫ਼ਲ ਭਈ ਯਾਤਰਾ ਹੈ
ਕੋਟਿ ਪੈਂਡਾ ਚੱਲ ਜੋਊ ਭੈਣੀ ਸਾਹਿਬ ਆਯੋ ਹੈ।
ਕਹੇ 'ਗੁਰਸੇਵਕ' ਵੋ ਜਨ ਭਵ ਪਾਰ ਪਯੋ
ਜਪ ਪ੍ਰਯੋਗ ਬੀਚ ਜਿਨ ਮਨ ਲਾਯੋ ਹੈ।

**ਕਵੀਸ਼ਰ ਗੁਰਸੇਵਕ ਸਿੰਘ**

# ਸੁੱਚੇ ਮੋਤੀ

– ਜੇ ਬਿਰਧ ਅਵਸਥਾ ਵਿੱਚ ਝੁਰੜੀਆਂ ਪੈਂਦੀਆਂ ਹਨ ਤਾਂ ਉਹਨਾਂ ਨੂੰ ਹਿਰਦੇ ਉੱਤੇ ਨਾ ਪੈਣ ਦਿਓ। ਕਦੇ ਵੀ ਆਤਮਾ ਨੂੰ ਬਿਰਧ ਨਾ ਹੋਣ ਦਿਓ।

– ਜੇਮਸ ਗਾਰਫੀਲਡ

– ਸੰਗਠਨ ਦੁਆਰਾ ਛੋਟੇ-ਛੋਟੇ ਰਾਜ ਵੀ ਉੱਨਤ ਹੋ ਸਕਦੇ ਹਨ, ਪ੍ਰੰਤੂ ਮਤਭੇਦ ਉਤਪੰਨ ਹੋਣ ਨਾਲ ਵੱਡੇ ਰਾਜ ਵੀ ਨਸ਼ਟ ਹੋ ਜਾਂਦੇ ਹਨ।

– ਸਾਲਸਟ

– ਮਨੁੱਖ ਲਈ ਸਭ ਤੋਂ ਕਰੂਰ ਸਰਾਪ ਹੈ – ਗੁਲਾਮ ਰਹਿਣਾ।

-ਸੁਭਾਸ਼ ਚੰਦਰ ਬੋਸ

– ਮਿਹਨਤ ਹਰ ਚੀਜ਼ ਉੱਤੇ ਜਿੱਤ ਪ੍ਰਾਪਤ ਕਰ ਲੈਂਦੀ ਹੈ।

-ਹੋਮਰ

-ਮਿਹਨਤੀ ਹੀ ਸਮਾਜ ਦੇ ਉਧਾਰਕ ਹਨ ਅਤੇ ਜਾਤੀ ਦੇ ਪੁਨਰ ਨਿਰਮਾਤਾ।

-ਬਾਈਬਲ

– ਬਾਦਸ਼ਾਹ ਦੇ ਵਜ਼ੀਰ ਨੇ ਇਕ ਦਿਨ ਆਪਣੇ ਇਕ ਕਰਮਚਾਰੀ ਨੂੰ ਕਿਹਾ, "ਉਹਨਾਂ ਸਾਰੇ ਲੇਖਕਾਂ ਦੇ ਨਾਵਾਂ ਦੀ ਸੂਚੀ ਬਣਾ, ਜਿਨ੍ਹਾਂ ਨੇ ਅਖ਼ਬਾਰਾਂ ਵਿਚ ਮੇਰੇ ਖਿਲਾਫ਼ ਲਿਖਿਆ ਹੋਵੇ।"

ਸੂਚੀ ਤਿਆਰ ਕਰਕੇ ਦਿੱਤੀ ਗਈ, ਤਾਂ ਉਸ ਵਿੱਚ ਕਈ ਸੌ ਲੇਖਕਾਂ ਦੇ ਨਾਂ ਸਨ। ਤਦ ਵਜ਼ੀਰ ਨੇ ਕਿਹਾ, "ਹੁਣ ਇਹਨਾਂ 'ਚੋਂ ਉਹਨਾਂ ਲੇਖਕਾਂ ਦੇ ਨਾਵਾਂ ਦੀ ਸੂਚੀ ਬਣਾ, ਜਿਨ੍ਹਾਂ ਨੇ ਮੇਰੀ ਸਭ ਤੋਂ ਸਖ਼ਤ ਅਲੋਚਨਾ ਕੀਤੀ ਹੋਵੇ।"

ਉਹਨਾਂ ਲੇਖਕਾ ਦੇ ਨਾਂਵਾਂ ਦੀ ਸੂਚੀ ਪੇਸ਼ ਕਰਦਿਆਂ ਕਰਮਚਾਰੀ ਨੇ ਪੁੱਛਿਆ, "ਕੀ ਸਜ਼ਾ ਦਿੱਤੀ ਜਾਏਗੀ?"

"ਸਜ਼ਾ? ਸਜ਼ਾ ਕਿਉਂ? ਹੁਣ ਮੈਂ ਇਹਨਾਂ ਨਾਵਾਂ 'ਚੋਂ ਖੁਦ ਆਪਣੇ ਸਭ ਤੋਂ ਸਖ਼ਤ ਆਲੋਚਕ ਨੂੰ ਚੁਣਾਂਗਾ, ਤੇ ਉਸ ਨੂੰ ਆਪਣੀ ਅਖ਼ਬਾਰ ਦਾ ਮੁੱਖ ਸੰਪਾਦਕ ਬਣਾਵਾਂਗਾ। ਤਜ਼ਰਬੇ ਨੇ ਮੈਨੂੰ ਸਿਖਾਇਆ ਏ ਕਿ ਆਦਮੀ ਦਾ ਸਭ ਤੋਂ ਸਖ਼ਤ ਆਲੋਚਕ ਉਸਦਾ ਸੱਚਾ ਹਿਤੈਸ਼ੀ ਹੁੰਦਾ ਹੈ।"

(ਡਾ. ਹਰਪ੍ਰੀਤ ਦੀ ਵਾਲ ਤੋਂ)

........................................................

# ਬੱਚਿਆਂ ਦਾ ਪੰਨਾ

## ਜੰਗਲ ਦਾ ਗੀਤ

ਇਹ ਜੰਗਲ ਸਾਡਾ ਮੋਰਾਂ ਦਾ।
ਇਹ ਮੋਰਾਂ ਚੰਨ ਚਕੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।

ਜਾਂ ਫ਼ਜ਼ਰੇ ਦੀ 'ਵਾ ਝੁੱਲੇ ਪਈ।
ਫੁੱਲਾਂ ਦੇ ਵਰਕੇ ਥੱਲੇ ਪਈ।
ਖ਼ੁਸ਼ਬੂ ਵੀ ਰਸਤੇ ਭੁੱਲੇ ਪਈ।
ਮੀਂਹ ਵਰ੍ਹਦਾ ਇੱਥੇ ਜ਼ੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।

ਇੱਕ ਰੋਜ਼ ਸ਼ਿਕਾਰੀ ਧਾਏ ਸੀ।
ਆ ਜਾਲ ਉਹਨਾਂ ਨੇ ਲਾਏ ਸੀ।
ਇਕ ਰਾਜਾ ਰਾਣੀ ਆਈ ਸੀ।
ਦਾਅ ਲੱਗਾ ਕਾਲੇ ਚੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।

ਉਹ ਬਾਬਲ ਮੇਰਾ, ਮੇਰੀ ਮਾਂ।
ਲੈ ਗਏ ਸ਼ਿਕਾਰੀ ਕਿਹੜੀ ਥਾਂ।
ਮੈਂ ਕਹਿੰਦਾ ਕੀ ਮੈਂ ਗੂੰਗਾ ਸਾਂ,
ਮੂੰਹ ਵੇਖ ਰਿਹਾ ਸਾਂ ਹੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।
ਇਹ ਮੋਰਾਂ ਚੰਨ ਚਕੋਰਾਂ ਦਾ।

.........................................................

## ਕਾਂ ਬੋਲ

ਰੁੱਖ ਦੀ ਉੱਚੀ ਟਾਹਣੀ ਉੱਤੇ
ਬੈਠਾ ਬੋਲੇ ਕਾਂ।

ਸਜਣੋ! ਬੋਲੀ ਉਹੀਓ ਚੰਗੀ
ਜਿਹੜੀ ਬੋਲੇ ਮਾਂ।

ਮਾਂ ਬੋਲੀ ਤੋਂ ਟੁੱਟਣ ਵਾਲੇ
ਜੜ੍ਹਾਂ ਇਹਦੀਆਂ ਪੁੱਟਣ ਵਾਲੇ
ਰੁਲਦੇ ਨੇ ਥਾਂ ਥਾਂ।

ਰੁੱਸ ਜਾਂਦੀ ਫਿਰ ਉਨ੍ਹਾਂ ਕੋਲੋਂ
ਜ਼ੰਨਤ ਵਰਗੀ ਛਾਂ।

ਰੁੱਖ ਦੀ ਉੱਚੀ ਟਾਹਣੀ ਉੱਤੇ
ਬੈਠਾ ਬੋਲੇ ਕਾਂ।

**ਅਸ਼ਰਫ਼ ਸੁਹੇਲ**
**(ਲਿਪੀਅੰਤਰ : ਦਰਸ਼ਨ ਸਿੰਘ ਆਸ਼ਟ)**

.........................................................

# ਖ਼ਬਰਨਾਮਾ

## ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਉਚੇਚੇ ਤੌਰ 'ਤੇ ਸ੍ਰੀ ਭੈਣੀ ਸਾਹਿਬ ਪਧਾਰੇ

ਸ੍ਰੀ ਭੈਣੀ ਸਾਹਿਬ, ਮਿਤੀ 7 ਸਤੰਬਰ 2020 ਨੂੰ ਸ਼ਾਮੀਂ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਉਚੇਚੇ ਤੌਰ 'ਤੇ ਸ੍ਰੀ ਭੈਣੀ ਸਾਹਿਬ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰਨ ਲਈ ਪਧਾਰੇ। ਉਨ੍ਹਾਂ ਦੇ ਨਾਲ ਲੁਧਿਆਣੇ ਜ਼ਿਲ੍ਹੇ ਦੇ ਡੀ.ਸੀ., ਸਰਦਾਰ ਨਵਤੇਜ ਸਿੰਘ ਚੀਮਾ ਅਤੇ ਸ੍ਰੀ ਹੰਸਪਾਲ ਜੀ ਵੀ ਹਾਜ਼ਰ ਸਨ। ਕੋਠੀ ਵਿੱਚ ਸ੍ਰੀ ਸਤਿਗੁਰੂ ਜੀ ਨੇ ਖੇਡ ਮੰਤਰੀ ਸੋਢੀ ਸਾਹਿਬ ਨੂੰ ਸਨਮਾਨਿਤ ਕੀਤਾ। ਉਸ ਤੋਂ ਬਾਅਦ ਨਾਮਧਾਰੀ ਫੁੱਟਬਾਲ ਅਕੈਡਮੀ ਦੇ ਬੱਚਿਆਂ ਦਾ ਸ਼ੋਅ ਮੈਚ ਅੱਧਾ ਘੰਟਾ ਦੇਖਿਆ। ਸ੍ਰੀ ਸੋਢੀ ਨੂੰ ਸਤਿਗੁਰੂ ਜੀ ਨੇ ਦੱਸਿਆ ਕਿ ਤਕਰੀਬਨ ਡੇਢ ਸੌ ਦੇ ਕਰੀਬ ਬੱਚਿਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਇਨ੍ਹਾਂ ਬੱਚਿਆਂ ਵਾਸਤੇ ਪੰਜ ਕੋਚਾਂ ਦਾ ਇੰਤਜ਼ਾਮ ਹੈ। ਜਿਨ੍ਹਾਂ ਵਿੱਚ ਇੱਕ ਕੋਚ ਫੋਰਨ (ਸਰਬੀਆ) ਤੋਂ ਵੀ ਹੈ। ਬੱਚਿਆਂ ਵਾਸਤੇ ਹੋਸਟਲ ਦਾ ਇੰਤਜ਼ਾਮ ਹੈ। ਇਸ ਸਮੇਂ ਫੁੱਟਬਾਲ, ਬੈਡਮਿੰਟਨ, ਹਾਕੀ ਦੇ ਸਾਰੇ ਕੋਚ ਸਾਹਿਬਾਨਾਂ ਨਾਲ ਖੇਡ ਮੰਤਰੀ ਨੇ ਵਿਚਾਰ ਵਟਾਂਦਰਾ ਕੀਤਾ। ਇੰਨੀ ਜ਼ਿਆਦਾ ਗਿਣਤੀ ਦੇਖ ਕੇ ਸੋਢੀ ਸਾਹਿਬ ਨੇ ਕਿਹਾ ਕਿ ਮੈਂ ਬਹੁਤ ਪ੍ਰਭਾਵਿਤ ਹਾਂ ਤੁਸੀਂ ਬਹੁਤ ਵਧੀਆ ਇੰਤਜਾਮ ਕੀਤਾ ਹੋਇਆ ਹੈ, ਕੋਚਾਂ ਤੇ ਬੱਚਿਆਂ ਦੀ ਰਿਹਾਇਸ਼ ਦਾ ਇੰਤਜ਼ਾਮ ਬਹੁਤ ਵਧੀਆ ਢੰਗ ਨਾਲ ਕੀਤਾ ਹੈ। ਇਸ ਤੋਂ ਬਾਅਦ ਖੇਡ ਮੰਤਰੀ ਨੇ ਹਾਕੀ ਸਟੇਡੀਅਮ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡਾ ਪੰਜਾਬ ਦੇ ਨੌਜਵਾਨਾਂ ਨਾਲ ਵਾਅਦਾ ਸੀ, ਉਹ ਅਸੀਂ ਪੂਰਾ ਕਰ ਰਹੇ ਹਾਂ। ਅੱਜ ਅਸੀਂ ਸ੍ਰੀ ਭੈਣੀ ਸਾਹਿਬ ਆਏ ਹਾਂ ਇਥੇ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਵਿੱਚ ਜਿਹੜੇ ਬੱਚੇ ਤਿਆਰ ਕੀਤੇ ਜਾ ਰਹੇ ਹਨ, ਉਹ ਬਹੁਤ ਵਧੀਆ ਖੇਡਦੇ ਹਨ, ਬੈਡਮਿੰਟਨ ਹਾਲ ਵੀ ਦੇਖਿਆ ਹੈ, ਬਹੁਤ ਵਧੀਆ ਪ੍ਰਬੰਧ ਕੀਤਾ ਹੈ। ਅੱਜ ਅਸੀਂ ਨਾਮਧਾਰੀ ਸਪੋਰਟਸ ਅਕੈਡਮੀ ਨੂੰ ਐਸਟਰੋਟਰਫ਼ ਲਈ 50 ਲੱਖ ਰੁਪਏ ਪੰਜਾਬ ਸਰਕਾਰ ਵੱਲੋਂ ਦੇ ਕੇ ਚੱਲੇ ਹਾਂ, ਹੋਰ 50 ਲੱਖ ਅਸੀਂ ਛੇਤੀ ਹੀ ਦੇ ਦੇਵਾਂਗੇ। ਇੱਥੇ ਆ ਕੇ ਬੜੀ ਖੁਸ਼ੀ ਮਿਲੀ ਹੈ ਮੇਰਾ ਵਿਚਾਰ ਹੈ ਕਿ ਬਾਕੀ ਸੰਸਥਾਵਾਂ ਵੀ ਇਸ ਤਰ੍ਹਾਂ ਹੀ ਖੇਡਾਂ ਵਿੱਚ ਬੱਚੇ ਤਿਆਰ ਕਰਨ। ਇਸ ਤਰ੍ਹਾਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਂ ਨੇ ਜਿਹੜੇ ਨਿਯਮ ਬਣਾਏ ਹਨ ਉਹ ਸਾਡੇ ਭਲੇ ਵਾਸਤੇ ਬਣਾਏ ਹਨ। ਸਾਨੂੰ ਉਨ੍ਹਾਂ ਉੱਤੇ ਚੱਲਣਾ ਚਾਹੀਦਾ ਹੈ, ਬਾਅਦ ਵਿੱਚ ਸਤਿਗੁਰੂ ਜੀ ਨੇ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਸਾਡੇ ਕੋਲ ਖੇਡ ਮੰਤਰੀ ਜੀ ਪਧਾਰੇ ਹਨ। ਅਸੀਂ ਉਨ੍ਹਾਂ ਨੂੰ ਜੀ ਆਇਆਂ ਆਖਦੇ ਹਾਂ। ਸਪੋਰਟਸ ਦੇ ਖੇਤਰ ਵਿੱਚ ਉਹ ਸਾਡੇ ਨਾਲ ਹਨ। ਇਸ ਵਿੱਚ ਉਹ ਵਿਸ਼ੇਸ਼ ਯੋਗਦਾਨ ਪਾ ਕੇ ਚੱਲੇ ਹਨ। ਸਾਡਾ ਉਪਰਾਲਾ ਹੈ ਕਿ ਅਸੀਂ ਇੱਕ ਵਧੀਆ ਟੀਮ ਫੁੱਟਬਾਲ ਦੀ ਤਿਆਰ ਕਰਕੇ ਦੇਸ਼ ਨੂੰ ਦੇਈਏ। ਸਾਡੀ ਵਰਦੀ ਵਿੱਚ ਬੱਚੇ ਸਿੱਖੀ ਦਾ ਪ੍ਰਚਾਰ ਕਰਨਗੇ, ਜੇ ਬੱਚੇ ਖੇਡਾਂ ਵਿੱਚ ਰੁੱਝੇ ਰਹਿਣਗੇ ਤਾਂ ਉਹ ਨਸ਼ਿਆਂ ਤੋਂ ਦੂਰ ਰਹਿਣਗੇ। ਸ੍ਰੀ ਭੈਣੀ ਸਾਹਿਬ ਵਿੱਚ ਬਹੁਤ ਜ਼ਿਆਦਾ ਗਿਣਤੀ ਵਿੱਚ ਨੌਜਵਾਨ ਵੱਖ-ਵੱਖ ਖੇਡਾਂ ਵਿੱਚ ਲੱਗੇ ਹੋਏ ਹਨ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਇਨ੍ਹਾਂ ਬੱਚਿਆਂ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਇੱਕ ਚੰਗੇ ਖਿਡਾਰੀ ਬਣਾ ਸਕੀਏ ਅਤੇ ਉਹ ਦੇਸ਼ ਦਾ ਨਾਮ ਰੌਸ਼ਨ ਕਰਨ।

**– ਗੁਰਦੇਵ ਸਿੰਘ ਚੀਮਾ**

.................................................

## ਫੁੱਟਬਾਲ ਮੈਚ

ਮਿਤੀ 11 ਸਤੰਬਰ 2020 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਫੁੱਟਬਾਲ ਅਕੈਡਮੀ ਅਤੇ ਅਲੂਣਾ ਤੋਲਾ (ਲੁਧਿਆਣਾ) ਦੀਆਂ ਟੀਮਾਂ ਵਿਚਕਾਰ ਫੁੱਟਬਾਲ ਦਾ ਮੈਚ ਹੋਇਆ। ਇਸ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਚੇਚੇ ਤੌਰ ਤੇ ਦਰਸ਼ਨ ਦਿੱਤੇ। ਇਸ ਮੈਚ ਦੌਰਾਨ ਨਾਮਧਾਰੀ ਫੁੱਟਬਾਲ ਟੀਮ ਪਹਿਲੇ ਅੱਧ ਤੱਕ 1-0 ਨਾਲ ਹਾਰ ਰਹੀ ਸੀ, ਪਰ ਦੂਸਰੇ ਅੱਧ ਵਿੱਚ ਨਾਮਧਾਰੀ ਟੀਮ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਅਤੇ 3-1 ਨਾਲ ਮੈਚ ਜਿੱਤ ਲਿਆ। ਨਾਮਧਾਰੀ ਟੀਮ ਵੱਲੋਂ ਕਰਨਦੀਪ ਸਿੰਘ, ਅਜਮੇਰ ਸਿੰਘ ਅਤੇ ਹਰੀ ਸਿੰਘ ਨੇ ਇੱਕ-ਇੱਕ ਗੋਲ ਕੀਤਾ।

**ਹਰਪ੍ਰੀਤ ਸਿੰਘ 'ਹੈਪੀ'**

## ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਦੀ ਸ਼ੁਰੂਆਤ

**10 ਸਤੰਬਰ 2020 ਨੂੰ–** ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਵਿਸ਼ਵ ਸ਼ਾਂਤੀ, ਸਰਬੱਤ ਦੇ ਭਲੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅੱਜ ਸਵੇਰੇ 3 ਵੱਜ ਕੇ 5 ਮਿੰਟ ਤੇ ਜਪ ਪ੍ਰਯੋਗ ਦੀ ਆਰੰਭਤਾ ਹੋਈ। ਇਸ ਮਹਾਨ ਪ੍ਰਯੋਗ ਦੀ ਆਰੰਭਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ ਸੀ। ਪਹਿਲਾਂ ਇਹ ਜਪ-ਪ੍ਰਯੋਗ ਭਾਦਰੋਂ ਦੇ ਮਹੀਨੇ ਕੀਤਾ ਜਾਂਦਾ ਸੀ। ਹੌਲੀ-ਹੌਲੀ ਇਹ ਅੱਸੂ ਦੇ ਮਹੀਨੇ ਵਿੱਚ ਹੋਣ ਲੱਗਾ। ਇਸੇ ਪਰੰਪਰਾ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਾਰੀ ਰੱਖਿਆ। ਆਪ ਜੀ ਨੇ 1986 ਤੋਂ ਸ੍ਰੀ ਭੈਣੀ ਸਾਹਿਬ ਵਿਖੇ ਜਪ ਪ੍ਰਯੋਗ ਆਰੰਭ ਕਰ ਦਿੱਤਾ। ਜਿਹੜਾ ਅੱਜ ਵੀ ਲਗਾਤਾਰ ਚੱਲ ਰਿਹਾ ਹੈ। ਜਿਸ ਵਿੱਚ ਸਵੇਰੇ 2 ਵਜੇ ਸਾਧ ਸੰਗਤ ਸਣਕੇਸੀ ਇਸ਼ਨਾਨ ਕਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮ ਸਿਮਰਨ ਵਿੱਚ ਲੀਨ ਹੋ ਜਾਂਦੀ ਹੈ। ਇਸ ਵਾਰੀ ਕੋਰੋਨਾ ਮਹਾਂਮਾਰੀ ਕਾਰਨ ਸ੍ਰੀ ਸਤਿਗੁਰੂ ਜੀ ਨੇ ਬਾਹਰਲੀ ਸੰਗਤ ਨੂੰ ਹੁਕਮ ਕੀਤਾ ਕਿ ਵੱਡੇ ਇਕੱਠ ਕਰਨ ਤੇ ਸਰਕਾਰੀ ਪਾਬੰਦੀ ਹੈ ਇਸ ਲਈ ਸੰਗਤ ਘਰੋ-ਘਰੀ ਹੀ ਨਾਮ ਸਿਮਰਨ ਕਰੇ- ਤੁਸੀਂ ਆਨ-ਲਾਈਨ ਸ੍ਰੀ ਭੈਣੀ ਸਾਹਿਬ ਹੋ ਰਹੇ ਕਥਾ-ਕੀਰਤਨ ਦਾ ਅਨੰਦ ਮਾਣ ਸਕਦੇ ਹੋ। ਇਸ ਕਰਕੇ ਇਸ ਪ੍ਰਯੋਗ ਵਿੱਚ ਸਿਰਫ਼ ਸ੍ਰੀ ਭੈਣੀ ਸਾਹਿਬ ਦੀ ਸੰਗਤ ਹੀ ਸ਼ਾਮਿਲ ਹੈ। ਇੱਥੇ ਯਾਦ ਰਹੇ ਕਿ ਸ੍ਰੀ ਸਤਿਗੁਰੂ ਜੀ ਨੇ ਆਪਣੇ ਜਪ ਪ੍ਰਯੋਗ ਦੀ ਅਰਦਾਸ ਬਾਗ ਵਾਲੀ ਕੋਠੀ ਵਿੱਚ ਸਵੇਰੇ 2 ਵਜੇ ਕੀਤੀ। ਉਸ ਤੋਂ ਬਾਅਦ ਪ੍ਰਤਾਪ ਮੰਦਰ ਵਿੱਚ ਦਰਸ਼ਨ ਦਿੱਤੇ। ਜਿੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨ ਸਿੰਘ, ਬੱਚੇ, ਬੀਬੀਆਂ ਆਪੋ-ਆਪਣੇ ਆਸਣਾਂ 'ਤੇ ਸੁਭਾਏਮਾਨ ਸਨ। ਸਾਰੀ ਸੰਗਤ ਸਣੇਕੇਸੀ ਇਸ਼ਨਾਨ ਕਰ ਸੋਧ ਰੱਖ ਕੇ ਤਿੰਨ ਵਜੇ ਤੱਕ ਪ੍ਰਤਾਪ ਮੰਦਰ ਵਿੱਚ ਹਾਜ਼ਰ ਸੀ। ਜਿੱਥੇ ਉਨ੍ਹਾਂ ਨੇ ਸਤਿਗੁਰੂ ਜੀ ਦੇ ਆਉਣ 'ਤੇ ਨਮਸਕਾਰ ਕੀਤੀ, ਉੱਥੇ ਹਜ਼ੂਰੀ ਰਾਗੀ ਸਿੰਘਾਂ ਪਾਸੋਂ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਸਰਵਣ ਕੀਤਾ। ਇਸ ਸਮੇਂ ਕੜਾਹ ਪ੍ਰਸ਼ਾਦ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

**– ਗੁਰਦੇਵ ਸਿੰਘ ਚੀਮਾ**

.................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਠਾਂ ਦੇ ਭੋਗ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ 7 ਸਤੰਬਰ 2020 ਦਿਨ ਸੋਮਵਾਰ ਨੂੰ ਬਾਅਦ ਦੁਪਹਿਰ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਸੰਤ ਕਮਾਲ ਸਿੰਘ ਜੀ ਨੇ ਇੱਕ ਘੰਟਾ ਕਥਾ ਕੀਤੀ। ਉਪਰੰਤ ਨਿੱਤਨੇਮ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ।

6 ਪਾਠ ਸ੍ਰੀ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

1 ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਾਤਾ ਭੁਪਿੰਦਰ ਕੌਰ ਦੀ ਯਾਦ ਵਿੱਚ

1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਦੀ ਯਾਦ ਵਿਚ

1 ਪਾਠ ਸ੍ਰੀ ਮਹਾਰਾਜ ਬੀਰ ਸਿੰਘ ਜੀ ਅਤੇ ਮਾਤਾ ਦਲੀਪ ਕੌਰ ਦੀ ਯਾਦ ਵਿੱਚ

1 ਪਾਠ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ

1 ਪਾਠ ਨਰੈਣ ਸਿੰਘ ਨਰੂਲਾ ਨਮਿੱਤ ਵਰੀਣੇ ਦਾ

1 ਪਾਠ ਇੰਦਰ ਸਿੰਘ ਤੇ ਮਾਇਆ ਦੇਵੀ ਦੀ ਯਾਦ ਵਿੱਚ

1 ਪਾਠ ਕਰਤਾਰ ਸਿੰਘ ਕੇਸਰਾ ਦੇਵੀ ਦੀ ਯਾਦ ਵਿੱਚ

1 ਪਾਠ ਪ੍ਰਲੋਕ ਸਿੰਘ ਗੁਰਸੇਵਕ ਕੌਰ, ਸੁਰਜੀਤ ਸਿੰਘ, ਗੁਰਦਿਆਲ ਕੌਰ, ਤੇ ਕਿਰਪਾਲ ਸਿੰਘ ਵੱਲੋਂ

1 ਪਾਠ ਵਜਿੰਦਰ ਸਿੰਘ ਬੇਟੇ ਗੁਰਦਰਸ਼ਨ ਸਿੰਘ ਸੇਠੀ ਵੱਲੋਂ

ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਗੁਰਬਾਣੀ ਦਾ ਕੀਰਤਨ ਗਾਇਨ ਕੀਤਾ ਤੇ ਕੜਾਹ ਪ੍ਰਸ਼ਾਦ ਵਰਤਾਇਆ।

**– ਗੁਰਦੇਵ ਸਿੰਘ ਚੀਮਾ**

.................................................

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ।**

## ਪਾਠਾਂ ਦੇ ਭੋਗ

6 ਸਤੰਬਰ 2020: ਸ੍ਰੀ ਭੈਣੀ ਸਾਹਿਬ ਅੱਜ ਬਾਅਦ ਦੁਪਹਿਰ ਪ੍ਰਤਾਪ ਮੰਦਰ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 16 ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਸਭ ਤੋਂ ਪਹਿਲਾਂ ਜਥੇਦਾਰ ਕਮਾਲ ਸਿੰਘ ਜੀ ਨੇ ਕਥਾ ਕੀਤੀ। ਉਪਰੰਤ ਇੱਕ ਘੰਟਾ ਨਿੱਤਨੇਮ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਰਾਹੀਂ ਸਰਵਣ ਕੀਤਾ ਗਿਆ। ਇਸ ਦੌਰਾਨ ਪਾਠਾਂ ਦੇ ਭੋਗ ਪਾਏ ਗਏ। ਇਸ ਸਮੇਂ ਤਿੰਨ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ ਤੇ 13 ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ-

1 ਪਾਠ ਦਸਮ ਗ੍ਰੰਥ ਸਾਹਿਬ ਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ
1 ਪਾਠ ਦਸਮ ਗ੍ਰੰਥ ਸਾਹਿਬ ਦਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਲਈ
1 ਪਾਠ ਦਸਮ ਗ੍ਰੰਥ ਸਾਹਿਬ ਦਾ ਸੰਤ ਗੁਰਬਚਨ ਸਿੰਘ ਨਮਿੱਤ
13 ਸਧਾਰਨ ਪਾਠਾਂ ਦੇ ਭੋਗ ਵੱਖ-ਵੱਖ ਸਿੰਘਾਂ ਦੀ ਯਾਦ ਵਿੱਚ ਪਾਏ ਗਏ
1 ਪਾਠ ਸੰਤ ਗੁਰਬਚਨ ਸਿੰਘ ਜੀ
1 ਪਾਠ ਸੰਤ ਧਨਵੰਤ ਸਿੰਘ ਜੀ
1 ਪਾਠ ਬੀਬੀ ਸਵਰਨ ਕੌਰ ਨਮਿੱਤ ਵਰੀਣੇ ਦਾ
1 ਪਾਠ ਬੀਬੀ ਸੁਰਜੀਤ ਕੌਰ ਨਮਿੱਤ ਵਰੀਣੇ ਦਾ
1 ਪਾਠ ਬੀਬੀ ਇੰਦਰ ਕੌਰ ਹਰਬੰਸ ਸਿੰਘ ਦੀ ਯਾਦ ਵਿੱਚ
1 ਪਾਠ ਪੰਡਿਤ ਰਵੀ ਸ਼ੰਕਰ ਮਾਲਵੀਆ ਦੀ ਯਾਦ ਵਿੱਚ
1 ਪਾਠ ਸੰਤ ਹਰਭਜਨ ਸਿੰਘ ਦੀ ਯਾਦ ਵਿੱਚ
1 ਪਾਠ ਠੇਕੇਦਾਰ ਬਚਨ ਸਿੰਘ ਦੀ ਯਾਦ ਵਿੱਚ
1 ਪਾਠ ਕਾਬਲ ਸਿੰਘ ਜੀ ਦੇ ਪੁੱਤਰ ਦੀ ਦਾਤ ਲਈ
1 ਪਾਠ ਸੰਤ ਸਾਜਪ੍ਰੀਤ ਦੀ ਤੰਦਰੁਸਤੀ ਲਈ
1 ਪਾਠ ਸੰਤ ਤਰਨਜੀਤ ਸਿੰਘ ਕੈਨੇਡਾ ਵੱਲੋਂ ਪੀਆਰ ਲਈ
1 ਪਾਠ ਸੰਤ ਵਰਿਆਮ ਸਿੰਘ ਵੱਲੋਂ ਨਵੇਂ ਮਕਾਨ ਲਈ
1 ਪਾਠ ਸੰਤ ਇੰਦਰਜੀਤ ਸਿੰਘ ਵੱਲੋਂ

ਉਪਰੰਤ ਰਾਗੀ ਸਿੰਘਾਂ ਨੇ ਮਨੋਹਰ ਕੀਰਤਨ ਗਾਇਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**- ਗੁਰਦੇਵ ਸਿੰਘ 'ਚੀਮਾ'**

## ਬੁੱਢੇ ਦਰਿਆ (ਨਾਲੇ) ਦਾ ਦੌਰਾ

ਲੁਧਿਆਣਾ 11 ਸਤੰਬਰ: ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਿਛਲੇ ਲੰਮੇ ਸਮੇਂ ਤੋਂ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਗਾਤਾਰ ਬੁੱਢੇ ਦਰਿਆ ਦੀ ਸਫ਼ਾਈ ਦੀ ਮੁਹਿੰਮ ਚਲਾ ਰਹੇ ਹਨ। ਸਤਿਗੁਰੂ ਜੀ ਪੰਜਾਬ ਸਰਕਾਰ ਵੱਲੋਂ ਬੁੱਢੇ ਦਰਿਆ ਦੀ ਸਫ਼ਾਈ ਲਈ ਬਣਾਈ ਟਾਸਕ ਫੋਰਸ ਦੇ ਮੁਖੀ ਵੀ ਹਨ। ਇਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ, ਸਤਿਗੁਰੂ ਜੀ ਲਗਾਤਾਰ ਪ੍ਰਸ਼ਾਸਨ ਤੇ ਨਾਮਧਾਰੀ ਸੰਗਤ ਦੇ ਸਹਿਯੋਗ ਨਾਲ ਕੰਮ ਕਰ ਰਹੇ ਹਨ। ਇਸੇ ਸਿਲਸਿਲੇ ਦੇ ਚੱਲਦਿਆਂ ਅਧਿਕਾਰੀਆਂ ਦੇ ਨਾਲ ਮੀਟਿੰਗਾਂ ਤੇ ਬੁੱਢੇ ਦਰਿਆ ਦੇ ਦੌਰਿਆਂ ਦਾ ਦੌਰ ਚੱਲ ਰਿਹਾ ਹੈ।

ਪਿਛਲੇ ਦਿਨੀਂ 11 ਸਤੰਬਰ ਨੂੰ ਗੁਰੂ ਜੀ 81 ਨੰਬਰ ਵਾਰਡ ਦੀ ਕੌਂਸਲਰ ਸ੍ਰੀਮਤੀ ਰਾਸ਼ੀ ਅਗਰਵਾਲ ਦੀ ਬੇਨਤੀ ਤੇ ਲੁਧਿਆਣੇ ਪੁੱਜੇ। ਲੁਧਿਆਣਾ ਪੁੱਜਣ 'ਤੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਦੀ ਅਗਵਾਈ ਵਿੱਚ ਮੇਅਰ ਸਰਦਾਰ ਬਲਕਾਰ ਸਿੰਘ ਸਿੱਧੂ, ਐੱਮ.ਸੀ.ਐੱਲ ਕਮਿਸ਼ਨਰ ਸ੍ਰੀ ਪਰਦੀਪ ਕੁਮਾਰ ਸੱਭਰਵਾਲ, ਐਮ.ਸੀ. ਸ੍ਰੀ ਨਰਿੰਦਰ ਸ਼ਰਮਾ, ਸ੍ਰੀ ਹੇਮਰਾਜ ਅਗਰਵਾਲ ਅਤੇ ਕੌਂਸਲਰ ਸ੍ਰੀਮਤੀ ਰਾਸ਼ੀ ਅਗਰਵਾਲ ਆਦਿ ਨੇ ਸਤਿਗੁਰੂ ਜੀ ਦਾ ਸਵਾਗਤ ਕੀਤਾ। 81 ਨੰਬਰ ਵਾਰਡ ਦੀ ਕੌਂਸਲਰ ਸ੍ਰੀਮਤੀ ਰਾਸ਼ੀ ਅਗਰਵਾਲ ਨੇ ਆਪਣੇ ਖੇਤਰ ਵਿੱਚ ਪੈਂਦੇ ਬੁੱਢੇ ਨਾਲੇ ਦੇ ਆਲੇ ਦੁਆਲੇ ਪੇੜ ਪੌਦੇ ਲਾ ਕੇ ਇਸ ਖੇਤਰ ਨੂੰ ਗ੍ਰੀਨ ਬੈਲਟ ਦੇ ਰੂਪ ਵਿੱਚ ਵਿਕਸਿਤ ਕੀਤਾ ਹੈ। ਕੌਂਸਲਰ ਸ੍ਰੀਮਤੀ ਅਗਰਵਾਲ ਨੇ ਕੈਬਨਿਟ ਮੰਤਰੀ ਆਸ਼ੂ ਹੋਰਾਂ ਦੀ ਅਗਵਾਈ ਵਿੱਚ ਸਤਿਗੁਰੂ ਜੀ ਨੂੰ ਇਹ ਸਾਰਾ ਖੇਤਰ ਦਿਖਾਇਆ ਅਤੇ ਇਸ ਬਾਰੇ ਪੂਰੀ ਜਾਣਕਾਰੀ ਦਿੱਤੀ। ਸਤਿਗੁਰੂ ਜੀ ਨੇ ਕੌਂਸਲਰ ਸ੍ਰੀਮਤੀ ਰਾਸ਼ੀ ਅਗਰਵਾਲ ਦੇ ਕੰਮ ਦੀ ਸ਼ਲਾਘਾ ਕੀਤੀ ਤੇ ਦੂਸਰੇ ਅਧਿਕਾਰੀਆਂ ਨੂੰ ਵੀ ਇਸ ਤਰ੍ਹਾਂ ਦੇ ਕੰਮਾਂ ਲਈ ਪ੍ਰੇਰਿਤ ਕੀਤਾ। ਇਸ ਦੌਰੇ ਦੌਰਾਨ ਗੁਰੂ ਜੀ ਨੇ ਲੋਕਾਂ ਨੂੰ ਬੁੱਢੇ ਦਰਿਆ ਵਿੱਚ ਕੂੜਾ ਸੁੱਟਣ ਤੋਂ ਰੋਕਣ ਲਈ ਉਤਸ਼ਾਹਿਤ ਕਰਨ ਲਈ ਲੋਕ ਜਾਗਰੂਕਤਾ ਮੁਹਿੰਮ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

**- ਜਸਵੰਤ ਸਿੰਘ 'ਮਸਤ'**

## ਆਜਾਦੀ ਦਿਵਸ ਵਾਲੇ ਦਿਨ

ਇਸ ਵਾਰ ਆਜਾਦੀ ਦਿਵਸ ਦੇ ਦਿਹਾੜੇ 'ਤੇ 15 ਅਗਸਤ 2020 ਨੂੰ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਵੱਲੋਂ ਇਕ ਵਿਸ਼ੇਸ਼ ਆਨਲਾਈਨ ਪ੍ਰੋਗਰਾਮ ਦਾ ਆਯੋਜਨ ਫੇਸਬੁੱਕ ਦੇ ਪੇਜ ਤੇ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਵਿੱਦਿਅਕ ਜਥਿਆਂ ਦੇ ਬੱਚਿਆਂ, ਬੱਚੀਆਂ ਤੇ ਨੌਜਵਾਨਾਂ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ ਤੇ ਅਜਾਦੀ ਸੰਗਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਤੇ ਹੋਰ ਦੇਸ਼ ਭਗਤ, ਸੂਰਮਿਆਂ ਤੇ ਸ਼ਹੀਦਾਂ ਪ੍ਰਤੀ ਪੇਂਟਿੰਗ, ਗੀਤ, ਕਵਿਤਾ, ਲੈਕਚਰ ਆਦਿ ਨਾਲ ਅਕੀਦਤ ਭੇਟ ਕੀਤੀ।

15 ਅਗਸਤ ਵਾਲੇ ਦਿਨ ਸਭ ਤੋਂ ਪਹਿਲਾਂ ਜਥੇਦਾਰ ਕਾਕਾ ਬਲਦੇਵ ਸਿੰਘ ਲੁਧਿਆਣਾ ਨੇ ਨਾਮਧਾਰੀ ਸ਼ਹੀਦੀ ਸਮਾਰਕ ਤੋਂ ਆਪਣੇ ਜਥੇ ਸਮੇਤ ਹੱਲੇ ਦਾ ਦੀਵਾਨ ਬੜੇ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਲਗਾਇਆ। ਛੋਟੇ-ਛੋਟੇ ਬੱਚੇ ਢੋਲਕੀ ਤੇ ਛੈਣਿਆਂ ਨਾਲ ਬੋਲਕੇ ਬੜੇ ਜੋਸ਼ ਨਾਲ ਸ਼ਬਦ ਪੜ ਰਹੇ ਸਨ। ਦੁਪਿਹਰ ਤੋਂ ਬਾਅਦ ਵਾਲੇ ਸੈਸ਼ਨ ਵਿੱਚ ਉਸਤਾਦ 'ਰਾਜੇਸ਼ ਮਾਲਵੀਆ' ਜੀ ਦੇ ਵਿਸ਼ੇਸ਼ ਸਹਿਯੋਗ ਨਾਲ ਨਾਮਧਾਰੀ ਕਲਾ ਕੇਂਦਰ ਤੋਂ ਸਿੱਧੇ ਪ੍ਰਸਾਰਣ ਦੌਰਾਨ ਗੁੱਡੀ 'ਰਤਨਾ ਮਾਲਵੀਆ' ਨੇ ਦੇਸ਼ ਭਗਤੀ ਦੇ ਗੀਤ ਗਾਏ। ਉਹਨਾਂ ਨਾਲ ਨਾਮਧਾਰੀ ਕਲਾ ਕੇਂਦਰ ਦੇ ਸਿਖਿਆਰਥੀਆਂ ਨੇ ਵੱਖੋ ਵੱਖਰੇ ਸਾਜ਼ਾਂ 'ਤੇ ਸਾਥ ਦਿੱਤਾ।

ਸ਼ਾਮ ਨੂੰ ਸਾਡੀ ਵਿਸ਼ੇਸ਼ ਬੇਨਤੀ ਤੇ ਸੇਵਕ ਹਰਪਾਲ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ ਸ੍ਰੀ ਭੈਣੀ ਸਾਹਿਬ ਤੋਂ ਲਾਈਵ ਹੋਕੇ ਕਰੀਬ ਪੌਣੇ ਘੰਟੇ ਦੀ ਤਕਰੀਰ ਪੇਸ਼ ਕਰਦਿਆਂ, ਸਿਖ ਰਾਜ ਦੇ ਖਾਤਮੇ ਤੋਂ ਲੈ ਅੰਗ੍ਰੇਜ਼ਾਂ ਦਾ ਪੰਜਾਬ ਤੇ ਪੂਰਨ ਕਬਜਾ, ਸਿੱਖੀ ਦੀ ਦਸ਼ਾ ਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਕੀਤੇ ਸਮਾਜਿਕ, ਧਾਰਮਿਕ ਤੇ ਰਾਜਨੀਤਕ ਮਹਾਨ ਕਾਰਜਾਂ ਦਾ ਵਰਨਣ ਕਰਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਬਾਬਾ ਸੋਹਣ ਸਿੰਘ ਭਕਨਾ, ਗਦਰੀ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਕੇ ਅਸਲੀ ਅਜਾਦੀ ਦੀ ਗੱਲ ਕੀਤੀ। ਜੋ ਆਜਾਦੀ ਨਿੱਜੀ ਸਵਾਰਥ ਤੋਂ ਉੱਪਰ ਉੱਠਕੇ ਸਰਬੱਤ ਦੇ ਭਲੇ ਵਾਸਤੇ ਹੋਵੇ, ਜਿਸ ਦਾ ਸੁਪਨਾ ਸਤਿਗੁਰੂ ਰਾਮ ਸਿੰਘ ਜੀ ਤੇ ਹੋਰਾਂ ਮਰਜੀਵੜੇ ਦੇਸ਼ ਭਗਤਾਂ ਨੇ ਲਿਆ ਸੀ। ਸੈਂਕੜਿਆਂ ਦੀ ਗਿਣਤੀ ਵਿੱਚ ਵੇਖਣ ਵਾਲਿਆਂ ਨੇ ਇਸ ਪ੍ਰੋਗਰਾਮ ਨੂੰ ਲਾਈਕ ਦਿੱਤੇ ਅਤੇ ਆਪਣੇ ਕੁਮੈਂਟ ਵੀ ਸਾਂਝੇ ਕਰਦਿਆਂ ਪੋਸਟ ਨੂੰ ਸਾਂਝਾ ਕੀਤਾ। ਅਖੀਰਲੇ ਪ੍ਰੋਗਰਾਮ ਵਿੱਚ ਸ਼ਾਮ ਸੱਤ ਵਜੇ ਤੋਂ ਟਰਾਂਟੋ ਕੈਨੇਡਾ ਤੋਂ ਸਿੱਧੇ ਪ੍ਰਸਾਰਣ ਦੌਰਾਨ ਨਾਮਧਾਰੀ ਸੰਗੀਤਕਾਰ ਨੌਜਵਾਨ ਹਰਨਾਮ ਸਿੰਘ 'ਕੱਲਾ' ਨੇ ਸੰਤੂਰਵਾਦਨ ਪੇਸ਼ ਕੀਤਾ। ਉਹਨਾਂ ਨਾਲ ਤਬਲੇ 'ਤੇ ਗੁਰਿੰਦਰ ਸਿੰਘ ਮਨੀ ਨੇ ਆਪਣੀ ਕਲਾ ਦੇ ਜ਼ੋਹਰ ਵਿਖਾਏ। ਇਸ ਤਰ੍ਹਾਂ ਦੇ ਹਾਲਾਤ 'ਤੇ ਮਹਾਂਮਾਰੀ ਕੋਵਿਡ -19 ਦੇ ਦੌਰਾਨ ਸੰਸਾਰ ਭਰ ਤੋਂ ਬਹੁਤ ਸਾਰੀ ਸੰਗਤ ਨੇ ਇਹਨਾਂ ਪ੍ਰੋਗਰਾਮਾਂ ਨੂੰ ਆਨਲਾਈਨ ਵੇਖ ਆਨੰਦ ਮਾਣਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਹੀ ਹੈ ਕਿ ਉਹਨਾਂ ਦੀ ਰਜਾ ਅਨੁਸਾਰ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ ਉਹਨਾਂ ਦੇ ਆਸ਼ੇ 'ਤੇ ਤੁਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਕਿ ਨੌਜਵਾਨ ਪੀੜੀ ਆਪਣੇ ਮਹਾਨ ਵਿਰਸੇ ਨਾਲ ਜੁੜੀ ਰਹੇ ਤੇ ਨੈਤਿਕ ਕਦਰਾਂ ਕੀਮਤਾਂ ਦਾ ਪਾਲਣ ਕਰ ਇਕ ਚੰਗਾ ਸਿੱਖ ਬਣ ਸਕੇ।

**ਸੁਖਵਿੰਦਰ ਸਿੰਘ ਲਾਇਲ**

.............................................

## ਬਾਗਵਾਲੀ ਕੋਠੀ ਵਿਖੇ ਅਖੰਡ ਪਾਠ ਦਾ ਭੋਗ

ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਉਸਾਰੀ ਗਈ ਬਾਗ ਵਾਲੀ ਕੋਠੀ ਜਿਥੇ ਸਤਿਗੁਰੂ ਹਰੀ ਸਿੰਘ ਜੀ ਨਿਵਾਸ ਰੱਖਦੇ ਸਨ ਅਤੇ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਆਪਣਾ ਨਿਵਾਸ ਸਥਾਨ ਇਥੇ ਹੀ ਰੱਖਿਆ। ਸ੍ਰੀ ਸਤਿਗੁਰੂ ਸਾਹਿਬਾਨਾਂ ਦੇ ਇਸ ਨਿਵਾਸ ਸਥਾਨ ਦੀ ਪੁਰਾਤਨ ਦਿੱਖ ਨੂੰ ਉਸੇ ਤਰ੍ਹਾਂ ਬਰਕਰਾਰ ਰੱਖਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨੂੰ ਨਵਾਂ ਰੂਪ ਬਖ਼ਸ਼ਿਆ ਅਤੇ ਆਪਣਾ ਨਿਵਾਸ ਸਥਾਨ ਹੋਣ ਦਾ ਮਾਣ ਇਸ ਕੋਠੀ ਨੂੰ ਬਖ਼ਸ਼ਿਆ। ਇਸ ਸਥਾਨ ਨੂੰ ਬਾਗ ਵਾਲੀ ਕੋਠੀ ਆਖਿਆ ਜਾਂਦਾ ਹੈ। ਚੱਲੀ ਆ ਰਹੀ ਰੀਤ ਅਨੁਸਾਰ ਨਾਮ ਸਿਮਰਨ ਜਪ ਪ੍ਰਯੋਗ ਦੀ ਅਰੰਭਤਾ ਤੋਂ ਪਹਿਲਾਂ ਇਸ ਕੋਠੀ ਵਿੱਚ ਪਵਿੱਤਰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਪਾਇਆ ਜਾਂਦਾ ਹੈ। ਏਸੇ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਮਿਤੀ 6 ਸਤੰਬਰ 2020 ਦਿਨ ਐਤਵਾਰ ਨੂੰ ਅਖੰਡ ਪਾਠ ਦੀ ਆਰੰਭਤਾ ਏਸੇ ਬਾਗ ਵਾਲੀ ਕੋਠੀ ਵਿੱਚ ਕੀਤੀ ਗਈ। ਸ੍ਰੀ ਭੈਣੀ ਸਾਹਿਬ ਦੇ ਪਾਠੀ ਸਿੰਘਾਂ ਦੇ ਜਥੇ ਦੀ ਅਗਵਾਈ ਕਵੀਸ਼ਰ ਗੁਰਸੇਵਕ ਸਿੰਘ ਨੇ ਕੀਤੀ। ਮਿਤੀ 8 ਸਤੰਬਰ ਦਿਨ ਮੰਗਲਵਾਰ ਨੂੰ ਨਾਮ ਸਿਮਰਨ ਜਪ ਪ੍ਰਯੋਗ ਦੀ ਸਫਲਤਾ ਲਈ ਅਖੰਡ ਪਾਠ ਦਾ ਭੋਗ ਪਾਇਆ ਗਿਆ।

**-ਸੂਬਾ ਬਲਵਿੰਦਰ ਸਿੰਘ 'ਝੱਲ'**

## ਸਾਬਕਾ ਰਾਸ਼ਟਰੀ ਹਾਕੀ ਕੋਚ ਹਰਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਪਧਾਰੇ

19-9-2020 ਸ਼ਾਮੀਂ 5 ਵਜੇ ਭਾਰਤੀ ਰਾਸ਼ਟਰੀ ਹਾਕੀ ਟੀਮ ਦੇ ਸਾਬਕਾ ਕੋਚ ਹਰਿੰਦਰ ਸਿੰਘ ਸਤਿਗੁਰੂ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਏ। ਸਤਿਗੁਰੂ ਜੀ ਨਾਲ ਗੱਲਬਾਤ ਕਰਦਿਆਂ ਉਹਨਾਂ ਨਾਮਧਾਰੀ ਹਾਕੀ ਟੀਮ ਦੀ ਖੂਬ ਸ਼ਲਾਘਾ ਕੀਤੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਈ ਬਚਨ ਅਤੇ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਦੱਸਿਆ ਕਿ ਭਾਰਤ ਵਿੱਚ ਸ਼ੁਰੂ ਤੋਂ ਅੱਜ ਤੱਕ ਕਲਾਤਮਕ ਏਸ਼ੀਅਨ ਸਟਾਇਲ ਹਾਕੀ ਸਿਰਫ਼ ਦੋ ਹੀ ਟੀਮਾਂ ਨਾਮਧਾਰੀ ਇਲੈਵਨ ਅਤੇ ਇੰਡੀਅਨ ਏਅਰਲਾਇਨਜ਼ ਖੇਡਦੀਆਂ ਰਹੀਆਂ ਹਨ।

ਅਨਮੋਲਕ ਸਿੰਘ (ਹਾਕੀ ਕੋਚ) ਸਪੋਰਟਸ ਇਨਚਾਰਜ ਸ੍ਰੀ ਭੈਣੀ ਸਾਹਿਬ ਅਤੇ ਸ਼ੇਰ ਸਿੰਘ ਨਾਲ ਗੱਲ ਕਰਦਿਆਂ ਕੋਚ ਹਰਿੰਦਰ ਸਿੰਘ ਨੇ ਦੱਸਿਆ ਕਿ ਉਹ ਜਦੋਂ ਵੀ ਬ੍ਰਿਸਬੇਨ (ਅਸਟ੍ਰੇਲੀਆ) ਇੰਡੀਆ ਟੀਮ ਨੂੰ ਹਾਕੀ ਖਡਾਉਣ ਵਾਸਤੇ ਲੈ ਕੇ ਜਾਂਦੇ ਰਹੇ ਤਾਂ ਸੂਬਾ ਸਤਨਾਮ ਸਿੰਘ (ਅਸਟ੍ਰੇਲੀਆ) ਉਹਨਾਂ ਨੂੰ ਜ਼ਰੂਰ ਆ ਕੇ ਮਿਲਦੇ ਅਤੇ ਕਈ ਵਾਰ ਉਹ ਸਾਡੇ ਲਈ ਖਾਣਾ ਵੀ ਲੈ ਕੇ ਆਉਂਦੇ ਤੇ ਹੋਰ ਵੀ ਹਰ ਸੰਭਵ ਸਹਾਇਤਾ ਕਰਦੇ। ਕੋਚ ਹਰਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸੂਬਾ ਸਤਨਾਮ ਸਿੰਘ ਜੀ ਮੇਰੇ ਲਈ ਇੰਨੇ ਲੱਕੀ ***(Lucky)*** ਸਨ ਕਿ ਉਹ ਜਦੋਂ ਵੀ ਮੈਚ ਵੇਖਣ ਲਈ ਆਉਂਦੇ ਤਾਂ ਸਾਡੀ ਟੀਮ ਜ਼ਰੂਰ ਮੈਚ ਜਿੱਤਦੀ।

ਇਸ ਸਮੇਂ ਸਤਿਗੁਰੂ ਜੀ ਤੋਂ ਇਲਾਵਾ ਸੰਤ ਜਗਤਾਰ ਸਿੰਘ, ਸ਼ੇਰ ਸਿੰਘ (ਸਪੋਰਟਸ ਇੰਚਾਰਜ), ਅਨਮੋਲਕ ਸਿੰਘ (ਯੂ.ਐਸ.ਏ.), ਸ਼ਮਸੇਰ ਸਿੰਘ (ਨਾਮਧਾਰੀ ਸੀਡਸ) ਆਦਿ ਹਾਜ਼ਿਰ ਸਨ।

**ਜਸਵੰਤ ਸਿੰਘ ਮਸਤ**

**ਬਜ਼ਾਰ ਦਾ ਖਾਣਾ ਅਸ਼ੁੱਧ ਹੁੰਦਾ ਹੈ, ਫਿਰ ਕਿਉਂ ਖਾਧਾ ਜਾਏ ?**

## ਸੂਬਾ ਸੁਖਦੇਵ ਸਿੰਘ (ਦਿੱਲੀ) ਨਮਿੱਤ ਪਾਠ ਦਾ ਭੋਗ

**12 ਸਿਤੰਬਰ 2020 ਸ੍ਰੀ ਭੈਣੀ ਸਾਹਿਬ**

ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਪੰਥ ਦੀ ਨਾਮਵਰ ਸ਼ਖਸੀਅਤ ਸੂਬਾ ਸੁਖਦੇਵ ਸਿੰਘ ਜੀ ਨਮਿੱਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ ਹੋਇਆ। ਯਾਦ ਰਹੇ ਕਿ ਸੂਬਾ ਜੀ ਕਾਫੀ ਸਮੇਂ ਤੋਂ ਸਿਹਤ ਕਰਕੇ ਢਿੱਲੇ ਸਨ। ਸੂਬਾ ਜੀ 7 ਸਿਤੰਬਰ 2020 ਨੂੰ ਅੰਮ੍ਰਿਤ ਵੇਲੇ ਆਪਣੀ ਜੀਵਨ ਯਾਰਤਾ ਸੰਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਪ੍ਰਵਾਰ ਵਲੋਂ 12 ਸਿਤੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੂਬਾ ਜੀ ਨਮਿੱਤ ਮੇਲਾ ਕਰਵਾਇਆ ਅਤੇ ਪਾਠਾਂ ਦੇ ਭੋਗ ਪਾਏ ਗਏ। ਚੱਲ ਰਹੇ ਜਪ-ਪ੍ਰਯੋਗ ਦੌਰਾਨ ਦੁਪਹਿਰ ਦੇ ਪ੍ਰੋਗਰਾਮ ਸਮੇਂ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਨਾਮ ਸਿਮਰਨ ਦੌਰਾਨ 5 ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸਤਿਗੁਰੂ ਜੀ ਦੇ ਦਰਸ਼ਨਾਂ ਦੇ ਨਮਿੱਤ, 1 ਪਾਠ ਸੂਬਾ ਸੁਖਦੇਵ ਸਿੰਘ ਜੀ ਨਮਿਤ, 1 ਪਤਠ ਸੂਬਾ ਜੀ ਦੀ ਅਰਧਾਂਗਨੀ ਬੀਬੀ ਸੁਖਬੀਰ ਕੌਰ ਦੀ ਯਾਦ ਵਿੱਚ ਅਤੇ ਇੱਕ ਪਾਠ ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਦੇ ਘਰ ਸੁਖਸ਼ਾਂਤੀ ਵਾਸਤੇ। ਉਪਰੰਤ ਸੇਵਕ ਹਰਪਾਲ ਸਿੰਘ ਨੇ ਸੂਬਾ ਜੀ ਬਾਰੇ ਸੰਖੇਪ ਵਿੱਚ ਸ਼ਰਧਾਂਜਲੀ ਅਰਪਤ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸੂਬਾ ਜੀ ਦੇ ਇਕਲੌਤੇ ਸਪੁੱਤਰ ਸੁਲੱਖਣ ਸਿੰਘ ਦੇ ਸੀਸ ਤੇ ਜਿੰਮੇਵਾਰੀ ਦੀ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਸੰਤ ਬਲਵੰਤ ਸਿੰਘ ਜੀ ਦੀ ਅਗਵਾਈ ਵਿੱਚ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਸ਼ਬਦ ਆਰੰਭ ਕਰਨ ਤੋਂ ਪਹਿਲਾਂ ਸੰਤ ਬਲਵੰਤ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸੂਬਾ ਜੀ ਸਾਰੇ ਸਿੱਖਾਂ ਦੀ ਹੀ ਬੜੇ ਪ੍ਰੇਮ ਨਾਲ ਸੇਵਾ ਕਰਿਆ ਕਰਦੇ ਸਨ ਵਿਸ਼ੇਸ਼ ਕਰਕੇ ਸੋਧੀ ਸਿੰਘਾਂ ਨੂੰ ਬਹੁਤ ਪਿਆਰ ਕਰਦੇ ਸਨ। ਸਤਿਗੁਰੂ ਜੀ ਦਾ ਇੱਕ ਸਿੱਖ ਹੋਣ ਕਰਕੇ ਮੈਨੂੰ ਵੀ ਆਪ ਦਾ ਬਹੁਤ ਪਿਆਰ ਮਿਲਿਆ।

ਇੱਕ ਵੇਰ ਨਾਮਧਾਰੀ ਧਰਮਸ਼ਾਲਾ ਪ੍ਰੋਗਰਾਮ ਸੀ ਸੂਬਾ ਜੀ ਨੇ ਉਚੇਚਾ ਸਾਨੂੰ ਇਹ ਸ਼ਬਦ ਗਾਉਣ ਵਾਸਤੇ ਕਿਹਾ- "ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ"....

ਪ੍ਰਵਾਰ ਵੱਲੋਂ ਅੱਜ ਦੇ ਲੰਗਰ ਦੀ ਸੇਵਾ ਕੀਤੀ ਗਈ ਅਤੇ ਸੇਵਾਦਾਰਾਂ ਨੂੰ ਕੰਬਲ ਵੰਡੇ ਗਏ।

**- ਗੁਰਦੇਵ ਸਿੰਘ ਚੀਮਾ**

# Matrimonial

**Boy-**

**Deepinder Singh Bhatti**
S/o - Nirmal Singh Bhatti
Age- 31 Years
Hieght- 5'-8''
Qualification- B.Tech ECE
Presently- Freelance Software
Ludhiana
Mob:- 98142-01326

**Kamalvir Singh Bhamra**
S/o Gurmukh Singh Bhamra
D.O.B- 27 Nov 1991
Height- 6'
Qualification- +2 & Diesel Mechanical
Pind- Moron Phillaur
Mob. No- 98762-36996

**Onkar Singh Channa**
S/o- Gurmukh Singh Channa
D.O.F- 16-7-1991
Height- 5'-7''
Qualification- Diploma in Mech. Eng.
Service- Savraj Technical Mahindra
Mohali
Mob.No- 98557-58960

**Heera Singh Channa**
S/o- Gurmukh Singh Channa
D.O.F- 3-April-1995
Height- 5'-8''
Qualification- B.Tech Mech. Engineer
Service- Design & Development
Ludhiana
Mob.No- 98557-58960

**Sukhjinder Singh Channa**
S/o- Satnam Singh Channa
D.O.B- 2-12-1998
Height- 5'-4''
Qualification- B.S.C. IT
Service- Web Developer
Mob.No- 98145-07321

**Lachman Singh Channa**
S/o- Kulwant Singh Channa
D.O.B- 26-5-1992
Height- 6'
Qualification- ITI (CNC Mech Operator)
Mob.No- 9162845-04651

**Amritpal Singh Jandu**
S/o- Surinder Singh Jandu
D.O.B- 21-8-1989
Service- Senior Auto Electrician A.C.
Mob.No- 98553-03018

**Gian Singh Channa**
S/o- Gurmail Singh Channa
D.O.B- 13-8-1994
Height- 5'-11''
Qualification- +2
Service- Aluminium Shop
Mob.No- 94782-33011

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।
–ਸੰਤ ਸਵਿੰਦਰ ਸਿੰਘ
ਲੁਧਿਆਣਾ
–88378–10603

## ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸੇਵਕ:- ਸੂਬਾ ਸੁਖਦੇਵ ਸਿੰਘ ਜੀ

ਸੁਖ ਸਾਗਰ ਸਤਿਗੁਰ ਸੇਵਕ, ਪ੍ਰੇਮਾ ਭਗਤੀ ਵਿੱਚ ਸਰਸ਼ਾਰ।
ਨਾਮ-ਰਤਨ ਗੁਣਾਂ ਹਰਿ ਵਣਜੇ, ਬਾਣੀ ਬਾਣੇ ਸੰਗ ਪਿਆਰ।
ਸਿੱਖੀ ਸਿੱਖਿਆ, ਸੇਵਾ-ਸਿਮਰਨ, ਸੰਜਮੀਂ ਸੋਧੀ ਸਿੰਘ ਸੁਖਦੇਵ
ਓੜਕਿ ਪ੍ਰੀਤ ਨਿਭੀ ਸੇਵਕ ਕੀ ਸਿਵਕਨ ਕੋ ਸਿਵਗੁਨ ਸੁਖ-ਸਾਰ।



ਰੀਤ ਪ੍ਰੀਤ ਦੀ ਗੁਰਾਂ ਸੰਗ ਨਿਭੀ ਏਦਾਂ, ਚੰਦ ਚਕੋਰ ਦਾ ਜਿਵੇਂ ਪਿਆਰ ਹੋਵੇ।
ਪਿਤਾ-ਪੁੱਤਰ ਦੇ ਦਿਲਾਂ ਦੀ ਸਾਂਝ ਜਿੰਦਾ, ਪੋਤਾ, ਦਾਦੇ ਤੋਂ ਜਿਵੇਂ ਨਿਸਾਰ ਹੋਵੇ।
ਦੁੱਧ ਪਾਣੀ ਦੀ ਪ੍ਰੀਤ ਨੂੰ ਜੱਗ ਜਾਣੇ, ਹਰਿ ਜਨ ਤੇ ਹਰੀ ਇਕ ਸਾਰ ਹੋਵੇ।
ਸਾਡੀ ਆਸ ਅਰਦਾਸ ਸਭ ਸੰਗਤਾਂ ਦੀ, ਬੇਅੰਤ ਗੁਰੂ ਦੀ ਮੇਹਰ ਅਪਾਰ ਹੋਵੇ।
ਸੂਬਾ ਸਿੰਘ ਸੁਖਦੇਵ ਜਿਹੇ ਸਿੱਖ ਹੋਵਨ, ਸੁਖੀ ਵੱਸਦਾ ਸਿੱਖੀ ਪ੍ਰਵਾਰ ਹੋਵੇ।

-ਹਰਪਾਲ ਸਿੰਘ ਸੇਵਕ

Date of Publication: 14-10-2020,
Date of Posting: 15-16 Oct. 2020

RNI NO. 55658/93 Delhi Postal Regd. No. DL(W) 01/2055/18-20

# ਇਕ ਤਰਾਨਾ ਪੰਜਾਬੀ ਕਿਸਾਨ ਦੇ ਲਈ

ਉੱਠ ਉਤਾਂਹ ਨੂੰ ਜੱਟਾ
ਮਰਦਾ ਕਿਉਂ ਜਾਨੈਂ
ਭੁੱਲਿਆ ! ਤੂੰ ਜਗ ਦਾ ਅੰਨਦਾਤਾ
ਤੇਰੀ ਬਾਂਦੀ ਧਰਤੀ ਮਾਤਾ
ਤੂੰ ਜਗ ਦਾ ਪਾਲਣ ਹਾਰਾ
ਤੇ ਮਰਦਾ ਕਿਉਂ ਜਾਨੈਂ..........

ਜਰਨਲ, ਕਰਨਲ, ਸੂਬੇਦਾਰ
ਡਿਪਟੀ, ਡੀ.ਸੀ., ਥਾਨੇਦਾਰ
ਸਾਰੇ ਤੇਰਾ ਦਿੱਤਾ ਖਾਵਣ
ਤੂੰ ਜੇ ਨਾ ਬੀਜੇਂ, ਤੂੰ ਜੇ ਨਾ ਗਾਹਵੇਂ
ਭੁੱਖੇ ਭਾਣੇ ਸਭ ਮਰ ਜਾਵਣ
ਇਹ ਚਾਕਰ, ਤੂੰ ਸਰਕਾਰ
ਮਰਦਾ ਕਿਉਂ ਜਾਨੈਂ.........

ਵਿਚ ਕਚਹਿਰੀ, ਚੁੰਗੀ, ਥਾਣੇ
ਕੀਹ ਅਨਭੋਲ ਤੇ ਕੀਹ ਸਿਆਣੇ
ਕੀਹ ਅਸਰਾਫ਼ ਤੇ ਕੀਹ ਨਿਮਾਣੇ
ਸਾਰੇ ਖੱਜਲ ਖ਼ਵਾਰ
ਮਰਦਾ ਕਿਉਂ ਜਾਨੈਂ...........

ਏਕਾ ਕਰ ਲੋ ਹੋ ਜੋ ਕੱਠੇ
ਭੁੱਲ ਜੋ ਰੰਘੜ, ਚੀਮੇ, ਚੱਠੇ
ਸੱਭੇ ਦਾ ਇਕ ਪਰਵਾਰ
ਮਰਦਾ ਕਿਉਂ ਜਾਨੈਂ...........

ਜੇ ਚੜ੍ਹ ਆਵਣ ਫ਼ੌਜਾਂ ਵਾਲੇ
ਤੂੰ ਵੀ ਛਵੀਆਂ ਲੰਬ ਕਰਾ ਲੈ
ਤੇਰਾ ਹੱਕ ਤੇਰੀ ਤਲਵਾਰ
ਮਰਦਾ ਕਿਉਂ ਜਾਨੈਂ.............
ਦੇ 'ਅੱਲ੍ਹਾ ਹੂ' ਦੀ ਮਾਰ
ਤੂੰ ਮਰਦਾ ਕਿਉਂ ਜਾਨੈਂ.............
ਉੱਠ ਉਤਾਂਹ ਨੂੰ ਜੱਟਾ
ਤੂੰ ਮਰਦਾ ਕਿਉਂ ਜਾਨੈਂ।

ਫ਼ੈਜ਼ ਅਹਿਮਦ ਫ਼ੈਜ਼

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.